Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 05 02/05/2025 www.samajweekly.com samajweekly @samajweekly samajweekly

# ਬੀਬੀਐੱਮਬੀ ਵਿਵਾਦ: ਪੰਜਾਬ ਦੇ ਹੱਕਾਂ ’ਤੇ ਡਾਕਾ ਬਰਦਾਸ਼ਤ ਨਹੀਂ ਕਰਾਂਗੇ: ਭਗਵੰਤ ਮਾਨ

## ਫੈਸਲੇ ਵਿਰੁੱਧ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਾਂ: ਅਮਨ ਅਰੋੜਾ

**ਚੰਡੀਗੜ੍ਹ।** ਬੀਬੀਐੱਮਬੀ ਦੇ ਹਰਿਆਣਾ ਨੂੰ 8,500 ਕਿਊਸਿਕ ਪਾਣੀ ਛੱਡਣ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਹੱਕਾਂ ’ਤੇ ਡਾਕਾ ਬਰਦਾਸ਼ਤ ਨਹੀਂ ਕਰਨਗੇ। ਜ਼ਿਕਰਯੋਗ ਹੈ ਕਿ ਹਰਿਆਣਾ ਨੂੰ ਪਾਣੀ ਛੱਡਣ ਦਾ ਫੈਸਲਾ ਬੁੱਧਵਾਰ ਸ਼ਾਮ ਨੂੰ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਦੀ ਤਕਨੀਕੀ ਕਮੇਟੀ ਦੀ ਪੰਜ ਘੰਟੇ ਚੱਲੀ ਮੀਟਿੰਗ ਵਿਚ ਲਿਆ ਗਿਆ।
ਸੂਤਰਾਂ ਨੇ ਦੱਸਿਆ ਕਿ ਬੀਬੀਐੱਮਬੀ ਮੀਟਿੰਗ ਦੌਰਾਨ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਹਰਿਆਣਾ ਨੂੰ ਹੋਰ ਪਾਣੀ ਛੱਡਣ ’ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਦਾਅਵਾ ਕੀਤਾ ਕਿ ਗੁਆਂਢੀ ਸੂਬਾ ਪਹਿਲਾਂ ਹੀ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਚੁੱਕਾ ਹੈ। ਬੀਬੀਐਮਬੀ ਦੇ ਫੈਸਲੇ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਮੁੱਖ ਮੰਤਰੀ ਮਾਨ ਨੇ ਵੀਰਵਾਰ ਨੂੰ ਹਰਿਆਣਾ ਨੂੰ 8,500 ਕਿਊਸਿਕ ਪਾਣੀ ਦੇਣ ਦੇ ਕਦਮ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ, ‘‘ਪੂਰਾ ਪੰਜਾਬ ਬੀਬੀਐੱਮਬੀ ਰਾਹੀਂ ਹਰਿਆਣਾ ਨੂੰ ਪਾਣੀ, ਜੋ ਕਿ ਪੰਜਾਬ ਅਤੇ ਪੰਜਾਬੀਆਂ ਦਾ ਹੱਕ ਹੈ, ਦੇਣ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਾ ਹੈ।



ਕੇਂਦਰ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਪੰਜਾਬ ਦੇ ਵਿਰੁੱਧ ਇੱਕਜੁੱਟ ਹੋ ਗਈ ਹੈ।’’
ਪੰਜਾਬ ਤੇ ਪੰਜਾਬੀਆਂ ਦੇ ਹੱਕ ਦਾ ਪਾਣੀ BBMB ਜ਼ਰੀਏ ਹਰਿਆਣੇ ਨੂੰ ਦੇਣ ਦੇ ਫ਼ੈਸਲੇ ਦਾ ਪੂਰਾ ਪੰਜਾਬ ਸਖ਼ਤ ਵਿਰੋਧ ਕਰਦਾ ਹੈ।
ਕੇਂਦਰ ਤੇ ਹਰਿਆਣਾ ਦੀ ਬੀਜੇਪੀ ਸਰਕਾਰ ਪੰਜਾਬ ਖ਼ਿਲਾਫ਼ ਇੱਕਜੁੱਟ ਹੋ ਗਈ ਹੈ। ਬੀਜੇਪੀ ਦਾ ਸਾਡੇ ਹੱਕਾਂ ‘ਤੇ ਇੱਕ ਹੋਰ ਡਾਕਾ ਅਸੀਂ ਕਿਸੇ ਕੀਮਤ ‘ਤੇ ਬਰਦਾਸ਼ਤ ਨਹੀਂ ਕਰਾਂਗੇ। ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ...
ਮੁੱਖ ਮੰਤਰੀ ਨੇ ਐਕਸ ਪੋਸਟ ਵਿਚ ਕਿਹਾ, ‘‘ਅਸੀਂ ਕਿਸੇ ਵੀ ਕੀਮਤ ’ਤੇ ਭਾਜਪਾ ਵੱਲੋਂ ਆਪਣੇ ਹੱਕਾਂ ਦੀ ਇਕ ਹੋਰ ਲੁੱਟ ਬਰਦਾਸ਼ਤ ਨਹੀਂ ਕਰਾਂਗੇ। ਭਾਜਪਾ ਨੂੰ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਭਾਜਪਾ ਕਦੇ ਵੀ ਪੰਜਾਬ ਅਤੇ ਪੰਜਾਬੀਆਂ ਦੀ ਨਹੀਂ ਹੋ ਸਕਦੀ।
ਕੈਬਨਿਟ ਮੰਤਰੀ ਅਤੇ ਪੰਜਾਬ ‘ਆਪ’ ਇਕਾਈ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ, “ਅਸੀਂ ਭਾਜਪਾ ਅਤੇ ਕੇਂਦਰ ਸਰਕਾਰ ਵੱਲੋਂ ਬੀਬੀਐੱਮਬੀ ਦੀ ਬਾਂਹ ਮਰੋੜਨ ਅਤੇ ਹਰਿਆਣਾ ਨੂੰ ਪੰਜਾਬ ਦੇ ਹਿੱਸੇ ਵਿੱਚੋਂ 8500 ਕਿਊਸਿਕ ਵਾਧੂ ਪਾਣੀ ਛੱਡਣ ਲਈ ਮਜਬੂਰ ਕਰਨ ਦੇ ਫੈਸਲੇ ਵਿਰੁੱਧ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਾਂ। ਭਾਜਪਾ ਦੀ ‘ਗੁੰਡਾਗਰਦੀ’ (ਠੱਗੀ) ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।’’ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਪੰਜਾਬ ਨਾਲ ਮੁੜ ਧੋਖਾ ਕਰਨ ਦਾ ਦੋਸ਼ ਲਗਾਇਆ। ਚੀਮਾ ਨੇ ਦੋਸ਼ ਲਗਾਇਆ, “ਹਰਿਆਣਾ ਨੂੰ ਹੋਰ ਪਾਣੀ ਦੇ ਕੇ ਭਾਜਪਾ ਸਰਕਾਰ ਨੇ ਪੰਜਾਬ ਵਿਰੋਧੀ ਸਾਬਤ ਕਰ ਦਿੱਤਾ ਹੈ।”

# ਮਰਦਮਸ਼ੁਮਾਰੀ ਵਿੱਚ ਜਾਤੀ ਗਣਨਾ ਲਈ ਲੋੜੀਂਦੇ ਫੰਡ ਅਲਾਟ ਕੀਤੇ ਜਾਣ : ਕਾਂਗਰਸ ਪ੍ਰਧਾਨ

**ਬੰਗਲੁਰੂ।** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅਗਲੀ ਮਰਦਮਸ਼ੁਮਾਰੀ ਵਿੱਚ ਜਾਤੀ ਗਣਨਾ ਲਈ ਲੋੜੀਂਦੇ ਫੰਡ ਅਲਾਟ ਕੀਤੇ ਜਾਣ ਅਤੇ ਇਸ ਸਬੰਧੀ ਸਮਾਂ ਸੀਮਾ ਤੈਅ ਕੀਤੀ ਜਾਵੇ। ਗ਼ੌਰਤਲਬ ਹੈ ਕਿ ਬੀਤੇ ਦਿਨ ਕੇਂਦਰ ਸਰਕਾਰ ਨੇ ਆਗਾਮੀ ਮਰਦਮਸ਼ੁਮਾਰੀ ਵਿਚ ਜਾਤ ਆਧਾਰਤ ਗਿਣਤੀ ਕਰਾਉਣ ਦਾ ਫ਼ੈਸਲਾ ਕੀਤਾ ਹੈ।
ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਪ੍ਰਧਾਨ ਖੜਗੇ ਨੇ ਕਿਹਾ ਕਿ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਜਾਤੀ ਆਧਾਰਤ ਮਰਦਮਸ਼ੁਮਾਰੀ ਦੀ ਮੰਗ ਜ਼ੋਰ-ਸ਼ੋਰ ਨਾਲ ਕੀਤੀ ਸੀ ਅਤੇ ਦੇਸ਼ ਭਰ ਵਿੱਚ ਇਸ ਲਈ ਅੰਦੋਲਨ ਚਲਾਇਆ ਸੀ।
ਉਨ੍ਹਾਂ ਕਿਹਾ ਕਿ ਹੁਣ ਉਹ ਖੁਸ਼ ਹਨ ਕਿ ਸਰਕਾਰ ਨੇ ਵਿਰੋਧੀ



ਪਾਰਟੀਆਂ ਦੀ ਮੰਗ ਮੰਨ ਲਈ ਹੈ। ਖੜਗੇ ਨੇ ਕਿਹਾ ਕਿ ਮੈਂ ਦੋ ਸਾਲ ਪਹਿਲਾਂ ਆਮ ਮਰਦਮਸ਼ੁਮਾਰੀ ਦੇ ਨਾਲ ਜਾਤੀ ਗਣਨਾ ਸਬੰਧੀ ਇੱਕ ਪੱਤਰ ਲਿਖਿਆ ਸੀ, ਪਰ ਉਹ (ਕੇਂਦਰ ਸਰਕਾਰ) ਉਦੋਂ ਸਹਿਮਤ ਨਹੀਂ ਸਨ, ਪਰ ਹੁਣ ਸਰਕਾਰ ਨੇ ਆਮ ਮਰਦਮਸ਼ੁਮਾਰੀ ਦੇ ਨਾਲ ਜਾਤੀ ਮਰਦਮਸ਼ੁਮਾਰੀ ਕਰਵਾਉਣ ਦਾ ਫੈਸਲਾ ਲਿਆ ਹੈ। ਇਹ ਚੰਗੀ ਗੱਲ ਹੈ ਅਤੇ ਅਸੀਂ ਇਸ ਲਈ ਪੂਰਾ ਸਹਿਯੋਗ ਦੇਵਾਂਗੇ, ਪਰ ਉਨ੍ਹਾਂ (ਭਾਜਪਾ) ਨੂੰ ਜਵਾਹਰ ਲਾਲ ਨਹਿਰੂ ’ਤੇ ਬੇਲੋੜੀ ਟਿੱਪਣੀ ਨਹੀਂ ਕਰਨੀ ਚਾਹੀਦੀ।
ਉਨ੍ਹਾਂ ਕਿਹਾ ਕਿ ਉਹ ਅਜਿਹੀਆਂ ਚੀਜ਼ਾਂ ਦੇ ਖਿਲਾਫ਼ ਹਨ। ਉਨ੍ਹਾਂ ਕਿਹਾ ਕਿ ਜਨ ਸੰਘ ਅਤੇ ਆਰਐੱਸਐੱਸ ਮੁੱਢ ਤੋਂ ਹੀ ਰਾਖਵੇਂਕਰਨ ਦੇ ਵਿਰੁੱਧ ਹਨ ਅਤੇ ਅਜਿਹੇ ਲੋਕ ਕਾਂਗਰਸ ਦੇ ਜਾਤੀ ਗਣਨਾ ਦੇ ਹੱਕ ਵਿੱਚ ਨਾ ਹੋਣ ਬਾਰੇ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਅਸੀਂ ਜਾਤੀ ਮਰਦਮਸ਼ੁਮਾਰੀ ਖਿਲਾਫ਼ ਹੁੰਦੇ, ਤਾਂ ਕੀ ਮੈਂ ਦੋ ਸਾਲ ਪਹਿਲਾਂ ਪੱਤਰ ਲਿਖਦਾ ਜਾਂ ਅਸੀਂ ਇਸ ਲਈ ਕਈ ਅੰਦੋਲਨ ਕਰਦੇ? ਉਹ (ਭਾਜਪਾ) ਲੋਕਾਂ ਦੇ ਮਨਾਂ ਵਿੱਚ ਭੰਬਲਭੂਸਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹ ਹੀ ਦੇਸ਼ ਦੇ ਭਲਾਈ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਹਨ। ਪਰ ਅਜਿਹਾ ਨਹੀਂ ਹੈ, ਮੈਂ ਸਹਿਮਤ ਨਹੀਂ ਹਾਂ। ਉਹ ਹਮੇਸ਼ਾ ਸਿਆਸੀ ਟੀਚਿਆਂ ਲਈ ਅਜਿਹੀਆਂ ਗੱਲਾਂ ਕਰਦੇ ਹਨ।

# ਟਰੰਪ ਨੇ ਮਾਰਕ ਕਾਰਨੀ ਨੂੰ ਜਿੱਤ 'ਤੇ ਦਿੱਤੀ ਵਧਾਈ

**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਗਲੇ ਹਫ਼ਤੇ ਵਾਸ਼ਿੰਗਟਨ ਦਾ ਦੌਰਾ ਕਰਨਗੇ। ਟਰੰਪ ਨੇ ਕਿਹਾ ਕਿ ਉਹ ਬਹੁਤ ਵਧੀਆ ਇਨਸਾਨ ਹਨ। ਹਾਲਾਂਕਿ, ਟਰੰਪ ਦੀਆਂ ਟੈਰਿਫ ਨੀਤੀਆਂ ਅਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀਆਂ ਟਰੰਪ ਦੀਆਂ ਧਮਕੀਆਂ ਨੂੰ ਲੈ ਕੇ ਦੋਨਾਂ ਦੇਸ਼ਾਂ ਵਿਚਕਾਰ ਤਣਾਅ ਬਣਿਆ ਹੋਇਆ ਹੈ। ਟਰੰਪ ਨੇ ਆਪਣੀ ਕੈਬਨਿਟ ਮੀਟਿੰਗ ਦੌਰਾਨ ਮੀਡੀਆ ਨੂੰ ਦੱਸਿਆ ਕਿ ਮੈਂ ਕੱਲ੍ਹ ਉਨ੍ਹਾਂ ਨਾਲ ਗੱਲ ਕੀਤੀ ਸੀ, ਗੱਲਬਾਤ ਬਹੁਤ ਵਧੀਆ ਰਹੀ ਅਤੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ। ਕਾਰਨੀ ਬਹੁਤ ਵਧੀਆ ਇਨਸਾਨ ਹਨ ਅਤੇ ਜਲਦੀ ਹੀ, ਇੱਕ ਹਫ਼ਤੇ ਜਾਂ ਘੱਟ ਸਮੇਂ ਵਿੱਚ ਵ੍ਹਾਈਟ ਹਾਊਸ ਆਉਣਗੇ। ਇਹ ਬਿਆਨ ਉਸ



ਸਮੇਂ ਆਇਆ ਹੈ ਜਦੋਂ ਕੈਨੇਡਾ ਦੇ ਲਿਬਰਲ ਪਾਰਟੀ ਦੇ ਨੇਤਾ ਮਾਰਕ ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦਾ ਸਾਹ-ਮਣਾ ਕਰਨ ਦੇ ਵਾਅਦੇ ਨਾਲ ਚੋਣ ਜਿੱਤੀ ਹੈ।

# ਹਿਮਾਚਲ 'ਚ ਘੁੰਮਣ ਵਾਲੇ ਸੈਲਾਨੀਆਂ ਲਈ ਜ਼ਰੂਰੀ ਖ਼ਬਰ, ਹੁਣ ਕੂੜਾ ਸੁੱਟਣ 'ਤੇ ਹੋਵੇਗਾ 1500 ਰੁਪਏ ਦਾ ਚਲਾਨ

**ਹਿਮਾਚਲ।** ਹਿਮਾਚਲ ਸਰਕਾਰ ਨੇ ਪਹਾੜਾਂ ਨੂੰ ਸਾਫ਼ ਕਰਨ ਲਈ 2 ਫ਼ੈਸਲੇ ਲਏ ਹਨ। ਪਹਿਲਾ- ਸਾਰੇ ਵਪਾਰਕ ਵਾਹਨਾਂ ਵਿੱਚ ਕੂੜੇਦਾਨ ਲਾਜ਼ਮੀ ਕਰ ਦਿੱਤੇ ਗਏ ਹਨ। ਦੂਜਾ, ਸੈਰ-ਸਪਾਟਾ ਸਥਾਨਾਂ ਅਤੇ ਪਹਾੜਾਂ 'ਤੇ ਕੂੜਾ ਸੁੱਟਣ ਵਾਲਿਆਂ ਦੇ ਚਲਾਨ ਜਾਰੀ ਕੀਤੇ ਜਾਣਗੇ। ਇਹ ਦੋਵੇਂ ਨਿਯਮ 29 ਅਪ੍ਰੈਲ ਤੋਂ ਲਾਗੂ ਹੋ ਗਏ ਹਨ। ਹੁਣ, ਦੂਜੇ ਸੂਬਿਆਂ ਦੇ ਕਿਸੇ ਵੀ ਟੈਕਸੀ, ਟੈਂਪੂ ਟਰੈਵਲਰ, ਨਿੱਜੀ ਅਤੇ ਸਰਕਾਰੀ ਬੱਸ ਅਤੇ ਵਪਾਰਕ ਵਾਹਨ ਦੇ ਮਾਲਕ, ਜਿਸ ਕੋਲ ਡਸਟਬਿਨ ਨਹੀਂ ਹੈ, ਨੂੰ 10,000 ਰੁਪਏ ਦਾ ਜੁਰਮਾਨਾ ਦੇਣਾ ਪਵੇਗਾ। ਇਸ ਦੇ ਨਾਲ ਹੀ, ਕੋਈ ਵੀ ਸੈਲਾਨੀ ਜੋ ਪਹਾੜਾਂ ਜਾਂ ਸੈਰ-ਸਪਾਟਾ ਸਥਾਨਾਂ ਨੂੰ ਪ੍ਰਦੂਸ਼ਿਤ ਕਰਦਾ ਹੈ, ਉਸ ਨੂੰ 1500 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ। ਇਹ ਜੁਰਮਾਨਾ ਸਥਾਨਕ ਲੋਕਾਂ 'ਤੇ ਵੀ ਲਾਗੂ ਹੋਵੇਗਾ। ਤੁਹਾਨੂੰ ਦੱਸ ਦੇਈਏ ਕਿ ਹਰ ਸਾਲ ਭਾਰਤ ਅਤੇ ਵਿਦੇਸ਼ਾਂ ਤੋਂ 1.5 ਤੋਂ 2 ਕਰੋੜ ਸੈਲਾਨੀ ਹਿਮਾਚਲ ਦੇ ਵੱਖ-ਵੱਖ ਸੈਰ-ਸਪਾਟਾ ਸਥਾਨਾਂ 'ਤੇ ਜਾਂਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਟੈਕਸੀਆਂ, ਵੋਲਵੋ ਬੱਸਾਂ ਅਤੇ ਟੈਂਪੋ ਟਰੈਵਲਰ ਰਾਹੀਂ ਆਉਂਦੇ ਹਨ। ਹਿਮਾਚਲ ਸਰਕਾਰ ਦੇ ਇਸ ਫ਼ੈਸਲੇ ਦਾ ਸਿੱਧਾ ਅਸਰ ਇਨ੍ਹਾਂ ਸੈਲਾਨੀਆਂ 'ਤੇ ਪਵੇਗਾ। ਸੂਬਾ ਸਰਕਾਰ ਦੇ ਹੁਕਮਾਂ 'ਤੇ, ਹਿਮਾਚਲ ਰੋਡ ਟਰਾਂਸਪੋਰਟ



ਕਾਰਪੋਰੇਸ਼ਨ ਅਤੇ ਟੈਕਸੀ ਆਪਰੇਟਰਾਂ ਨੇ ਆਪਣੇ ਵਾਹਨਾਂ ਵਿੱਚ ਡਸਟਬਿਨ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਭਾਵੇਂ ਇਹ ਨਿਯਮ ਲਾਗੂ ਕਰ ਦਿੱਤਾ ਗਿਆ ਹੈ, ਪਰ ਲੋਕਾਂ ਅਤੇ ਡਰਾਈਵਰਾਂ 'ਤੇ ਅਜੇ ਤੱਕ ਸਖ਼ਤੀ ਨਹੀਂ ਲਗਾਈ ਗਈ ਹੈ। ਇਸ ਬਾਰੇ ਸ਼ਿਮਲਾ ਆਰਟੀਓ ਅਨਿਲ ਨੇ ਕਿਹਾ ਹੈ ਕਿ ਇਸ ਵੇਲੇ ਟਰਾਂਸਪੋਰਟਰਾਂ ਦਾ ਚਲਾਨ ਨਹੀਂ ਕੀਤਾ ਜਾ ਰਿਹਾ, ਸਗੋਂ ਲੋਕਾਂ ਨੂੰ ਡਸਟਬਿਨ ਲਗਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਜਨਤਾ ਨੂੰ ਸਰਕਾਰ ਦੇ ਇਸ ਨਵੇਂ ਨਿਯਮ ਬਾਰੇ ਜਾਣੂ ਕਰਵਾਇਆ ਜਾ ਸਕੇ। ਇੱਕ ਹਫ਼ਤੇ ਬਾਅਦ ਚਲਾਨ ਜਾਰੀ ਕੀਤੇ ਜਾਣੇ ਸ਼ੁਰੂ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਲੰਘਣ ਲਈ ਆਉਣ ਵਾਲੇ ਵਾਹਨਾਂ ਨੂੰ ਕੂੜੇਦਾਨ ਰੱਖਣ ਤੋਂ ਬਾਅਦ ਹੀ ਲੰਘਾਇਆ ਜਾ ਰਿਹਾ ਹੈ। ਵਾਤਾਵਰਣ ਵਿਭਾਗ ਸਾਰੇ ਸਰਕਾਰੀ ਵਿਭਾਗਾਂ ਨੂੰ ਚਲਾਨ ਬੁੱਕਾਂ ਪ੍ਰਦਾਨ ਕਰ ਰਿਹਾ ਹੈ।

# ਰਾਜਸਥਾਨ 'ਚ ਹੋਟਲ ਵਿੱਚ ਲੱਗੀ ਭਿਆਨਕ ਅੱਗ, ਇੱਕ ਬੱਚੇ ਸਮੇਤ ਜ਼ਿੰਦਾ ਸੜੇ 4 ਲੋਕ

**ਅਜਮੇਰ।** ਰਾਜਸਥਾਨ ਦੇ ਅਜਮੇਰ ਵਿੱਚ ਵੀਰਵਾਰ ਸਵੇਰੇ ਇੱਕ ਹੋਟਲ ਵਿੱਚ ਅੱਗ ਲੱਗ ਗਈ, ਜਿਸ ਕਾਰਨ ਹਫੜਾ-ਦਫੜੀ ਮਚ ਗਈ। ਇੱਕ ਬੱਚੇ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ, ਇੱਕ ਮਹਿਲਾ ਫ਼ਾਇਰ ਫਾਈਟਰ ਸਮੇਤ ਚਾਰ ਲੋਕ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਜਵਾਹਰ ਲਾਲ ਨਹਿਰੂ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।



ਜਾਣਕਾਰੀ ਅਨੁਸਾਰ ਵੀਰਵਾਰ ਸਵੇਰੇ ਅਜਮੇਰ ਦੇ ਡਿਗੀ ਬਾਜ਼ਾਰ ਦੇ ਇੱਕ ਹੋਟਲ ਵਿੱਚ ਭਿਆਨਕ ਅੱਗ ਲੱਗ ਗਈ। ਜਿਸ ਕਾਰਨ ਇੱਕ ਬੱਚੇ, ਇੱਕ ਔਰਤ ਅਤੇ ਦੋ ਨੌਜਵਾਨਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਚਾਰਾਂ ਲੋਕਾਂ ਦੀ ਮੌਤ ਦਮ ਘੁੱਟਣ ਕਾਰਨ ਹੋਈ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਸ ਵੇਲੇ ਬਚਾਅ ਕਾਰਜ ਜਾਰੀ ਹੈ। ਹੋਟਲ ਦੇ ਕਮਰੇ ਵਿੱਚੋਂ ਤਿੰਨ ਲੋਕਾਂ ਨੂੰ ਬਾਹਰ ਕੱਢਿਆ ਗਿਆ, ਜੋ ਬੇਹੋਸ਼ੀ ਦੀ ਹਾਲਤ ਵਿੱਚ ਸਨ। ਇਸ ਤੋਂ ਇਲਾਵਾ ਇੱਕ ਫ਼ਾਇਰਮੈਨ ਵੀ ਅੱਗ ਵਿੱਚ ਝੁਲਸ ਗਿਆ। ਚਾਰਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਦੌਰਾਨ, ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ ਹੈ। ਹੋਟਲ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਨਗਰ ਨਿਗਮ ਦੇ ਅਧਿਕਾਰੀ, ਫ਼ਾਇਰ ਬ੍ਰਿਗੇਡ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਸੂਚਨਾ ਮਿਲਦੇ ਹੀ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ। ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ।

# ਪਹਿਲਗਾਮ ਹਮਲੇ ਦੀ ਨਿਆਂਇਕ ਜਾਂਚ ਨਹੀਂ ਹੋਵੇਗੀ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਨਿਆਂਇਕ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸੂਰਿਆਕਾਂਤ ਅਤੇ ਐਨ ਕੇ ਸਿੰਘ ਦੇ ਬੈਂਚ ਨੇ ਪਟੀਸ਼ਨਕਰਤਾ ਨੂੰ ਫਟਕਾਰ ਲਗਾਈ। ਅਦਾਲਤ ਨੇ ਕਿਹਾ ਕਿ ਇਹ ਇੱਕ ਸੰਵੇਦਨਸ਼ੀਲ ਸਮਾਂ ਹੈ। ਪੂਰਾ ਦੇਸ਼ ਅੱਤਵਾਦ ਵਿਰੁੱਧ ਇੱਕਜੁੱਟ ਹੈ। ਕੀ ਤੁਸੀਂ ਸੁਰੱਖਿਆ ਬਲਾਂ ਦਾ ਮਨੋਬਲ ਡੇਗਣਾ ਚਾਹੁੰਦੇ ਹੋ? ਅਜਿਹੀਆਂ ਪਟੀਸ਼ਨਾਂ ਅਦਾਲਤ ਵਿੱਚ ਨਾ ਲਿਆਓ। ਜਸਟਿਸ ਸੂਰਿਆਕਾਂਤ ਨੇ ਕਿਹਾ, ਅਜਿਹੀਆਂ ਜਨਹਿੱਤ ਪਟੀਸ਼ਨਾਂ ਦਾਇਰ ਕਰਨ ਤੋਂ ਪਹਿਲਾਂ ਜ਼ਿੰਮੇਵਾਰੀ ਨਾਲ ਕੰਮ ਕਰੋ। ਤੁਹਾਡਾ ਵੀ ਦੇਸ਼ ਪ੍ਰਤੀ ਕੁਝ ਫਰਜ਼ ਹੈ। ਤੁਸੀਂ ਇੱਕ ਸੇਵਾਮੁਕਤ ਜੱਜ ਨੂੰ ਜਾਂਚ ਕਰਨ ਲਈ ਕਹਿ ਰਹੇ ਹੋ। ਅਸੀਂ ਕਦੋਂ ਤੋਂ (ਅੱਤਵਾਦੀ ਹਮਲਿਆਂ ਦੀ) ਜਾਂਚ ਦੇ ਮਾਹਰ ਬਣ ਗਏ? ਸਾਡਾ ਕੰਮ ਸਿਰਫ਼ ਫੈਸਲਾ ਦੇਣਾ ਹੈ। ਹਾਲਾਂਕਿ, ਅਦਾਲਤ ਨੇ ਕਿਹਾ ਕਿ ਵਿਦਿਆਰਥੀ ਦੀ ਸੁਰੱਖਿਆ ਨਾਲ ਜੁੜੇ ਮੁੱਦੇ 'ਤੇ ਅੱਜ ਹਾਈ ਕੋਰਟ ਵਿੱਚ ਪਹੁੰਚ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ,



ਤਿੰਨ ਪਟੀਸ਼ਨਰਾਂ ਵਿੱਚੋਂ ਇੱਕ ਨੇ ਪਟੀਸ਼ਨ ਵਾਪਸ ਲੈ ਲਈ।

ਕਿਸਨੇ ਦਾਇਰ ਕੀਤੀ ਪਟੀਸ਼ਨ: –

ਇਹ ਜਨਹਿਤ ਪਟੀਸ਼ਨ ਕਸ਼ਮੀਰ ਦੇ ਵਸਨੀਕ ਮੁਹੰਮਦ ਜੁਨੈਦ ਦੁਆਰਾ ਦਾਇਰ ਕੀਤੀ ਗਈ ਸੀ। ਪਟੀਸ਼ਨਰਾਂ ਵਿੱਚ ਫਤੇਸ਼ ਕੁਮਾਰ ਸਾਹੂ ਅਤੇ ਵਿੱਕੀ ਕੁਮਾਰ ਦੇ ਨਾਮ ਵੀ ਸ਼ਾਮਲ ਹਨ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੇਂਦਰ ਅਤੇ ਜੰਮੂ-ਕਸ਼ਮੀਰ ਸਰਕਾਰਾਂ ਨੂੰ ਕਸ਼ਮੀਰ ਵਿੱਚ ਸੈਲਾਨੀਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। 22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਬੈਸਰਨ ਘਾਟੀ ਵਿੱਚ ਇੱਕ ਅੱਤਵਾਦੀ ਹਮਲਾ ਹੋਇਆ ਸੀ। ਇਸ ਵਿੱਚ 26 ਸੈਲਾਨੀ ਮਾਰੇ ਗਏ ਸਨ। ਇਸ ਵਿੱਚ ਨੇਪਾਲ ਦਾ ਇੱਕ ਸੈਲਾਨੀ ਵੀ ਸ਼ਾਮਲ ਸੀ। ਅੱਤਵਾਦੀਆਂ ਨੇ ਸੈਲਾਨੀਆਂ ਨੂੰ ਉਨ੍ਹਾਂ ਦਾ ਧਰਮ ਪੁੱਛਣ 'ਤੇ ਗੋਲੀ ਮਾਰ ਦਿੱਤੀ ਸੀ। ਰੇਜ਼ਿਸਟੈਂਸ ਫਰੰਟ (ਟੀਆਰਐਫ) ਨੇ ਸ਼ੁਰੂ ਵਿੱਚ ਹਮਲੇ ਦੀ ਜ਼ਿੰਮੇਵਾਰੀ ਲਈ ਸੀ ਪਰ ਬਾਅਦ ਵਿੱਚ ਇਸ ਤੋਂ ਇਨਕਾਰ ਕਰ ਦਿੱਤਾ। ਪਹਿਲਗਾਮ ਹਮਲੇ ਦੇ ਮਾਮਲੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਕਰ ਰਹੀ ਹੈ। ਐਨਆਈਏ ਨੇ ਇਸ ਮਾਮਲੇ ਵਿੱਚ 27 ਅਪ੍ਰੈਲ ਨੂੰ ਜੰਮੂ ਵਿੱਚ ਕੇਸ ਦਰਜ ਕੀਤਾ ਸੀ। ਇਸ ਅੱਤਵਾਦੀ ਹਮਲੇ ਵਿੱਚ ਮਹਾਰਾਸ਼ਟਰ ਦਾ ਸੰਤੋਸ਼ ਜਗਦਾਲੇ ਵੀ ਮਾਰਿਆ ਗਿਆ ਸੀ। ਜਗਦਾਲੇ ਆਪਣੀ ਪਤਨੀ ਅਤੇ ਧੀ ਨਾਲ ਪਹਿਲਗਾਮ ਘੁੰਮਣ ਗਿਆ ਸੀ। ਇੱਕ ਔਰਤ ਰਿਸ਼ਤੇਦਾਰ ਵੀ ਉੱਥੇ ਸੀ। ਅੱਤਵਾਦੀਆਂ ਨੇ ਤਿੰਨ ਔਰਤਾਂ ਨੂੰ ਛੱਡ ਦਿੱਤਾ। ਜਗਦਾਲੇ ਦੀ ਧੀ ਆਸਾਵਰੀ ਨੇ ਨਿਊਜ਼ ਏਜੰਸੀ ਪੀਟੀਆਈ ਨੂੰ ਦੱਸਿਆ, "ਅਸੀਂ ਪੰਜ ਲੋਕਾਂ ਦਾ ਸਮੂਹ ਸੀ।" ਇਸ ਵਿੱਚ ਮੇਰੇ ਮਾਤਾ-ਪਿਤਾ ਵੀ ਸ਼ਾਮਲ ਸਨ। ਅਸੀਂ ਪਹਿਲਗਾਮ ਦੇ ਨੇੜੇ ਬੈਸਰਨ ਘਾਟੀ ਵਿੱਚ ਸੀ ਜਦੋਂ ਸਾਨੂੰ ਗੋਲੀਬਾਰੀ ਦੀ ਆਵਾਜ਼ ਸੁਣਾਈ ਦਿੱਤੀ। ਦੇਖਿਆ ਕਿ ਪੁਲਿਸ ਦੀ ਵਰਦੀ ਪਹਿਨੇ ਕੁਝ ਲੋਕ ਗੋਲੀਆਂ ਚਲਾ ਰਹੇ ਸਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕੋਲਕਾਤਾ: ਮਮਤਾ ਨੇ ਅੱਗ ਕਾਰਨ ਤਬਾਹ ਹੋਏ ਹੋਟਲ ਦਾ ਦੌਰਾ ਕੀਤਾ, ਜਾਂਚ ਟੀਮਾਂ ਦਾ ਗਠਨ

**ਕੋਲਕਾਤਾ।** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀਰਵਾਰ ਨੂੰ ਕੇਂਦਰੀ ਕੋਲਕਾਤਾ ਵਿਚ ਅੱਗ ਨਾਲ ਤਬਾਹ ਹੋਏ ਹੋਟਲ ਦਾ ਦੌਰਾ ਕੀਤਾ ਅਤੇ ਐਲਾਨ ਕੀਤਾ ਕਿ 14 ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਬੈਨਰਜੀ ਦੀਘਾ ਤੋਂ ਵਾਪਸ ਆਉਂਦੇ ਸਮੇਂ ਬੁਰਾਬਾਜ਼ਾਰ ਦੇ ਮੇਛੂਆ ਫਲਪੱਟੀ ਖੇਤਰ ਪਹੁੰਚੀ । ਉਨ੍ਹਾਂ ਕਿਹਾ ਕਿ ਅੱਗ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਦਾਰਿਆਂ ਦੀ ਨਿਗਰਾਨੀ ਅਤੇ ਪਛਾਣ ਕਰਨ ਲਈ ਪੁਲਿਸ, ਪ੍ਰਸ਼ਾਸਨ ਅਤੇ ਫਾਇਰ ਸਰਵਿਸਿਜ਼ ਵਿਭਾਗ ਦੀਆਂ ਵਿਸ਼ੇਸ਼ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ, ''ਟੀਮਾਂ ਸ਼ਹਿਰ ਦੇ ਨਾਲ-ਨਾਲ ਜ਼ਿਲ੍ਹੇ ਦੇ ਕਸਬਿਆਂ ਵਿਚ ਵੀ ਜਾਂਚ ਕਰਨਗੀਆਂ। ਪ੍ਰਸ਼ਾਸਨ ਵਿਚ ਜੋ ਲੋਕਾਂ ਨੂੰ ਫਾਇਰ ਸੇਫਟੀ ਦੀ ਘਾਟ ਵਾਲੀਆਂ ਇਮਾਰਤਾਂ ਦੀ ਨਿਗਰਾਨੀ ਅਤੇ ਸੰਚਾਲਨ ਐਨਓਸੀ ਦੇਣ ਦੇ ਦੋਸ਼ੀ ਪਾਏ



ਗਏ ਹਨ, ਉਹ ਵੀ ਸਜ਼ਾ ਦੇ ਦਾਇਰੇ ਵਿੱਚ ਆਉਣਗੇ।'' ਉਨ੍ਹਾਂ ਅੱਗੇ ਕਿਹਾ ''ਪੈਨਲ ਅਗਲੇ 15 ਦਿਨਾਂ ਵਿਚ ਰਿਪੋਰਟਾਂ ਤਿਆਰ ਕਰਨਗੇ ਅਤੇ ਉਨ੍ਹਾਂ ਨੂੰ ਮੇਰੇ ਦਫ਼ਤਰ ਵਿੱਚ ਜਮ੍ਹਾਂ ਕਰਾਉਣਗੇ।'' ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਇਕ ਨਿੱਜੀ ਹੋਟਲ ਵਿਚ ਭਿਆਨਕ ਅੱਗ ਲੱਗਣ ਕਾਰਨ 14 ਵਿਅਕਤੀਆਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸ਼ਹਿਰ ਸੈਲਾਨੀ ਸਨ, ਦੀ ਮੌਤ ਹੋ ਗਈ। ਪੀੜਤਾਂ ਵਿਚ ਇਕ ਔਰਤ ਅਤੇ ਦੋ ਬੱਚੇ ਸ਼ਾਮਲ ਸਨ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਾਰਤ ਵੱਲੋਂ ਪਾਕਿਸਤਾਨੀ ਫੌਜ ਦੇ ਯੂਟਿਊਬ ਚੈਨਲ ’ਤੇ ਪਾਬੰਦੀ




**ਨਵੀਂ ਦਿੱਲੀ।** ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਪਾਕਿਸਤਾਨੀ ਮੀਡੀਆ ਆਊਟਲੈੱਟਾਂ ’ਤੇ ਨਕੇਲ ਕਸਦਿਆਂ ਪਾਕਿਸਤਾਨੀ ਫੌਜ ਦੇ ਮੀਡੀਆ ਵਿੰਗ ਇਸ਼ਫ਼ ਦੇ ਯੂਟਿਊਬ ਚੈਨਲ ’ਤੇ ਪਾਬੰਦੀ ਲਾ ਦਿੱਤੀ ਹੈ। ਉਧਰ ਗੁਆਂਢੀ ਮੁਲਕ ਨੇ ਵੀ ਜਵਾਬੀ ਕਾਰਵਾਈ ਵਿਚ ਆਪਣੇ ਐੱਫਐੱਮ ਰੇਡੀਓ ਸਟੇਸ਼ਨਾਂ ’ਤੇ ਭਾਰਤੀ ਗਾਣਿਆਂ ਦਾ ਪ੍ਰਸਾਰਨ ਬੰਦ ਕਰ ਦਿੱਤਾ ਹੈ। ਅਧਿਕਾਰਤ ਸੂਤਰਾਂ ਅਨੁਸਾਰ, ਸਰਕਾਰ ਨੇ ਕਥਿਤ ਯੂਟਿਊਬ, ਇੰਸਟਾਗ੍ਰਾਮ ਅਤੇ ਐਕਸ ਵਰਗੇ ਪਲੈਟਫਾਰਮਾਂ ਨੂੰ ਭਾਰਤ ਵਿੱਚ ਸਾਰੇ ਪਾਕਿਸਤਾਨੀ ਹੈਂਡਲਾਂ ’ਤੇ ਪਾਬੰਦੀ ਲਗਾਉਣ ਦੀ ਅਪੀਲ ਕੀਤੀ ਹੈ। ਯੂਟਿਊਬ ’ਤੇ ਇਸ਼ਫ਼ ਚੈਨਲ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਜ਼ਿਟਰਾਂ ਦਾ ਸਵਾਗਤ ਹੁਣ ਇੱਕ ਸੰਦੇਸ਼ ਨਾਲ ਕੀਤਾ ਜਾਂਦਾ ਹੈ ਜਿਸ ਵਿੱਚ ਕਿਹਾ ਗਿਆ ਹੈ: ‘ਇਹ ਸਮੱਗਰੀ ਇਸ ਸਮੇਂ ਇਸ ਦੇਸ਼ ਵਿੱਚ ਉਪਲਬਧ ਨਹੀਂ ਹੈ ਕਿਉਂਕਿ ਸਰਕਾਰ ਵੱਲੋਂ ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਨਾਲ ਸਬੰਧਤ ਇੱਕ ਆਦੇਸ਼ ਹੈ।’’ ਇਸ ਤੋਂ ਪਹਿਲਾਂ, ਡਾਅਨ ਨਿਊਜ਼, ਸਮਾਂ ਟੀਵੀ, ਏਆਰਵਾਈ ਨਿਊਜ਼ ਅਤੇ ਜੀਓ ਨਿਊਜ਼ ਸਮੇਤ 16 ਪਾਕਿਸਤਾਨੀ ਯੂਟਿਊਬ ਚੈਨਲਾਂ ’ਤੇ ਭਾਰਤ ਵਿਰੁੱਧ ਗਲਤ ਜਾਣਕਾਰੀ ਫੈਲਾਉਣ ਲਈ ਪਾਬੰਦੀ ਲਗਾਈ ਗਈ ਸੀ। ਅਧਿਕਾਰੀਆਂ ਮੁਤਾਬਕ ਭਾਰਤ, ਫੌਜ ਅਤੇ ਸੁਰੱਖਿਆ ਏਜੰਸੀਆਂ ਬਾਰੇ ਭੜਕਾਊ ਅਤੇ ਫਿਰਕੂ ਤੌਰ ’ਤੇ ਸੰਵੇਦਨਸ਼ੀਲ ਸਮੱਗਰੀ ਫੈਲਾਉਣ, ਝੂਠੇ ਅਤੇ ਗੁੰਮਰਾਹਕੁਨ ਬਿਰਤਾਂਤ ਸਿਰਜਣ ਲਈ ਪਾਕਿਸਤਾਨ ਦੇ ਯੂਟਿਊਬ ਚੈਨਲਾਂ ’ਤੇ ਪਾਬੰਦੀ ਲਗਾਈ ਗਈ ਸੀ। ਇਸ ਦੌਰਾਨ ਗੁਆਂਢੀ ਮੁਲਕ ਦੀ ਜਵਾਬੀ ਕਾਰਵਾਈ ਵਜੋਂ ਪਾਕਿਸਤਾਨ ਬ੍ਰੌਡਕਾਸਟਰਜ਼ ਐਸੋਸੀਏਸ਼ਨ (ਪੀਬੀਏ) ਨੇ ਪਾਕਿਸਤਾਨ ਐਫਐਮ ਰੇਡੀਓ ਸਟੇਸ਼ਨਾਂ ’ਤੇ ਭਾਰਤੀ ਗਾਣਿਆਂ ਦਾ ਪ੍ਰਸਾਰਨ ਬੰਦ ਕਰ ਦਿੱਤਾ ਹੈ। ਪਾਕਿ-ਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਤਾਉੱਲਾ ਤਰਾਰ ਨੇ ਪੀਬੀਏ ਨੂੰ ਲਿਖੇ ਇੱਕ ਪੱਤਰ ਵਿੱਚ ਇਸ ਪੇਸ਼ਕਦਮੀ ਨੂੰ ‘ਦੇਸ਼ ਭਗਤੀ ਦਾ ਇਸ਼ਾਰਾ’ ਕਰਾਰ ਦਿੱਤਾ ਹੈ।

# ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ ਜੋਧਬੀਰ ਦੀ ਛੇਤੀ ਹੋਵੇਗੀ ਗ੍ਰਿਫ਼ਤਾਰੀ

**ਅੰਮ੍ਰਿਤਸਰ ।** ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਖ਼ੁਫ਼ੀਆ ਜਾਣਕਾਰੀ ਦੀ ਅਗਵਾਈ ਹੇਠ ਇਕ ਕਾਰਵਾਈ ਵਿਚ ਵਿਦੇਸ਼ੀ ਜੱਸਾ ਅਤੇ ਉਸ ਦੇ ਸਾਥੀਆਂ ਦੁਆਰਾ ਚਲਾਏ ਜਾ ਰਹੇ ਇਕ ਅੰਤਰਰਾਸ਼ਟਰੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫ਼ਾਸ਼ ਕੀਤਾ ਹੈ, ਜਿਸ ਦੇ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸਬੰਧ ਹਨ। ਇਸ ਦੀ ਜਾਣਕਾਰੀ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ। ਡੀ.ਜੀ.ਪੀ. ਨੇ ਦਸਿਆ ਕਿ ਮੁਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਜੱਸਾ ਅਤੇ ਉਸ ਦੇ ਵਿਦੇਸ਼ੀ ਸਾਥੀਆਂ ਨੇ ਅਪਣੇ ਭਾਰਤੀ ਸਾਥੀ, ਜੋਧਬੀਰ ਸਿੰਘ ਉਰਫ਼ ਜੋਧਾ, ਜੋ ਕਿ ਅੰਮ੍ਰਿਤਸਰ ਦਿਹਾਤੀ ਦਾ ਰਹਿਣ ਵਾਲਾ ਹੈ, ਨਾਲ ਸਬੰਧ ਸਥਾਪਤ ਕੀਤੇ। ਉਨ੍ਹਾਂ ਦਸਿਆ ਕਿ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਜੋਧਬੀਰ ਸਿੰਘ ਸਰਗਰਮੀ ਨਾਲ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕਰਦਾ ਹੈ ਅਤੇ ਉਨ੍ਹਾਂ ਨੂੰ ਭਾਰਤ ਭਰ ਵਿਚ ਵੱਖ-ਵੱਖ ਥਾਵਾਂ 'ਤੇ ਵੰਡਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਸਿਆ ਕਿ ਖ਼ੁਫ਼ੀਆ ਜਾਣਕਾਰੀ




’ਚ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜੋਧਬੀਰ ਸਿੰਘ ਨਸ਼ੀਲੇ ਪਦਾਰਥਾਂ ਦੀ ਕਮਾਈ ਵੀ ਇਕੱਠੀ ਕਰਦਾ ਹੈ ਅਤੇ ਹਵਾਲਾ ਚੈਨਲਾਂ ਰਾਹੀਂ ਪਾਕਿਸਤਾਨ ਭੇਜਦਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦਸਿਆ ਕਿ ਪੁਲਿਸ ਨੇ ਕਾਰਵਾਈ ਕਰਦਿਆਂ ਇਕ ਛਾਪਾ ਮਾਰਿਆ ਗਿਆ ਅਤੇ 5 ਕਿਲੋ ਹੈਰੋਇਨ, 1 ਕਰੰਸੀ ਗਿਣਨ ਵਾਲੀ ਮਸ਼ੀਨ, ਅਤੇ ਹੋਰ ਬਹੁਤ ਕੁੱਝ ਬਰਾਮਦ ਕੀਤਾ ਹੈ। ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਐਸ.ਐਸ.ਓ.ਸੀ. ਵਿਖੇ ਇਕ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਪੁਲਿਸ ਵਲੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਅਤੇ ਉਸ ਦੇ ਨੈੱਟਵਰਕ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਭਾਰਤ ਵੱਲੋਂ ਪਾਕਿਸਤਾਨੀ ਜਹਾਜ਼ਾਂ ਲਈ ਹਵਾਈ ਖੇਤਰ ਬੰਦ

**ਨਵੀਂ ਦਿੱਲੀ।** ਭਾਰਤ ਨੇ ਪਾਕਿਸਤਾਨੀ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਭਾਰਤ ਨੇ ਪਾਕਿਸਤਾਨੀ ਏਅਰਲਾਈਨਾਂ ਵੱਲੋਂ ਰਜਿਸਟਰਡ, ਸੰਚਾਲਿਤ, ਮਲਕੀਅਤ ਤੇ ਲੀਜ਼ ’ਤੇ ਲਏ ਗਏ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕੀਤਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਭਾਰਤੀ ਏਅਰਲਾਈਨਾਂ ਦੇ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਚੁੱਕਾ ਹੈ। ਇਹ ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਚੁੱਕੇ ਗਏ ਕਦਮਾਂ ਖਿਲਾਫ ਜਵਾਬ ਵਿੱਚ ਸੀ। ਭਾਰਤ ਨੇ 22 ਅਪਰੈਲ ਨੂੰ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿੱਚ 26 ਸੈਲਾਨੀਆਂ ਦੀ ਜਾਨ ਜਾਂਦੀ ਰਹੀ ਸੀ, ਤੋਂ ਅਗਲੇ ਦਿਨ ਹੋਰ ਸਖ਼ਤ ਕਦਮ ਚੁੱਕਣ ਦੇ ਨਾਲ-ਨਾਲ ਸਿੰਧੂ ਜਲ ਸੰਧੀ ਨੂੰ ਵੀ ਮੁਅੱਤਲ ਕਰ ਦਿੱਤਾ ਸੀ।




SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਮਜ਼ਦੂਰ ਯੂਨੀਅਨ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਲਾਲ ਝੰਡਾ ਬਜਾਜ ਸੰਨਜ਼ ਮਜ਼ਦੂਰ ਯੂਨੀਅਨ ਵੱਲੋਂ ਸੀਟੀਯੂ ਪੰਜਾਬ ਦੇ ਬੈਨਰ ਹੇਠ, ਕਾ. ਜਗਦੀਸ਼ ਚੰਦ ਦੀ ਅਗਵਾਈ ਵਿੱਚ ਮਜ਼ਦੂਰ ਦਿਵਸ ਮਨਾਉਂਦੇ ਹੋਏ ਸਿਕਾਗੋ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ ਉੱਥੇ ਬਜਾਜ ਸੰਨਜ਼ ਦੇ ਬਾਹਰ ਯੂਨੀਅਨ ਦਾ ਝੰਡਾ ਵੀ ਲਹਿਰਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਕਾ.ਮੰਗਤ ਰਾਮ ਪਾਸਲਾ ਨੇ ਮਜ਼ਦੂਰ ਜਮਾਤ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਮਜ਼ਦੂਰ ਜਮਾਤ ਦੇ ਸੰਘਰਸ਼ ਅਤੇ ਕੁਰਬਾਨੀਆਂ ਤੋਂ ਬਾਅਦ ਪ੍ਰਾਪਤ ਕੀਤੇ ਹੱਕਾਂ ਨੂੰ ਯਾਦ ਕਰਕੇ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਕਾਰਪੋਰੇਟ ਘਰਾਣਿਆਂ ਦਾ ਹੱਥ ਠੋਕਾ ਬਣ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਜ਼ਦੂਰ ਜਮਾਤ ਵੱਲੋਂ ਵੱਡੀ ਜੱਦੋਜਹਿਦ ਤੋਂ ਬਾਅਦ ਪ੍ਰਾਪਤ ਕੀਤੇ 44



**ਮਈ ਦਿਵਸ ਮਨਾਉਣ ਸਮੇਂ ਇਕੱਤਰ ਹੋਏ ਕਾ ਮੰਗਤ ਰਾਮ ਪਾਸਲਾ, ਕਾ ਪਰਮਜੀਤ ਸਿੰਘ, ਕਾ ਜਗਦੀਸ਼ ਚੰਦ, ਕਾ ਬਲਰਾਮ ਸਿੰਘ, ਕਾ ਅੰਬਦੇਸ਼ ਪਾਡੇ ਤੇ ਹੋਰ**

ਕਾਨੂੰਨਾਂ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਤੋੜ ਕੇ 4 ਕੋਡ ਬਿਲਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਅੱਜ ਸੂਬਾ ਸਰਕਾਰ ਵੱਲੋਂ ਮਜ਼ਦੂਰ ਦੀ ਦਿਹਾੜੀ 8 ਘੰਟਿਆਂ ਤੋਂ 12 ਘੰਟਿਆਂ ਵਿੱਚ ਤਬਦੀਲ ਕੀਤੀ ਜਾ ਚੁੱਕੀ ਹੈ। ਜੋ ਮਜ਼ਦੂਰ ਜਮਾਤ ਦੇ ਹੱਕਾਂ ਤੇ ਵੱਡਾ ਡਾਕਾ ਮਾਰਨ ਵਾਲੀ ਗੱਲ ਹੈ ਜਿਸ ਨੂੰ ਮਜ਼ਦੂਰ ਜਮਾਤ ਕਦੇਂ ਵੀ ਬਰਦਾਸ਼ਤ ਨਹੀਂ ਕਰੇਗੀ। ਇਸ ਮੌਕੇ ਸੀਟੀਯੂ ਦੇ ਜਿਲ੍ਹਾ ਪ੍ਰਧਾਨ ਕਾ. ਪਰਮਜੀਤ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਕਾ. ਜਗਦੀਸ਼ ਚੰਦ ਨੇ ਕਿਹਾ ਕੇਂਦਰ ਤੇ ਪੰਜਾਬ ਸਰਕਾਰ ਮਜ਼ਦੂਰ ਮਾਰੂ ਨੀਤੀਆਂ ਦਾ ਰਾਹ ਅਪਣਾ ਕੇ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਮਜ਼ਦੂਰ ਜਮਾਤ ਦੀ ਤਨਖਾਹ 26,000 ਰੁਪਏ ਕੀਤੀ ਜਾਵੇ, ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਸਰਕਾਰ ਵੱਲੋਂ ਨਿਜੀਕਰਨ 'ਤੇ ਰੋਕ ਲਗਾਈ ਜਾਵੇ, ਠੇਕੇਦਾਰੀ ਪ੍ਰਥਾ ਖ਼ਤਮ ਕਰ ਕੇ ਕਿਰਤ ਕਾਨੂੰਨ ਲਾਗੂ ਕੀਤੇ ਜਾਣ। ਕਾਮਰੇਡ ਜਗਦੀਸ਼ ਚੰਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ-ਜਮਹੂਰੀ ਤੇ ਤਾਨਾਸ਼ਾਹੀ ਤੁਗਲਕੀ ਫੁਰਮਾਨ ਮਜ਼ਦੂਰ ਦੀ ਦਿਹਾੜੀ 12 ਘੰਟੇ ਦੇ ਨੋਟੀਫਿਕੇਸ਼ਨ ਨੂੰ ਤੁਰੰਤ ਰੱਦ ਕੀਤਾ ਜਾਵੇ । ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ 12 ਸਾਲ ਤੋਂ ਜੋ ਮਿਨੀਮਮ ਵੇਜ ਰੀਵਾਈਜ਼ ਨਹੀਂ ਕੀਤੀ ਗਈ, ਉਸ ਵੱਲ ਤੁਰੰਤ ਗੌਰ ਨਾ ਕੀਤਾ ਗਿਆ, ਤਾਂ ਉਨ੍ਹਾਂ ਨੂੰ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਕਾਮ-ਰੇਡ ਬਲਰਾਮ ਸਿੰਘ, ਦੇਵ ਰਾਜ ਵਰਮਾ, ਅਬਦੇਸ਼ ਪਾਂਡੇ, ਰਾਮ ਧਨੀ, ਤਹਿਸੀਲਦਾਰ, ਸੁਦੇਸਵਰ ਤਿਵਾੜੀ, ਅਜੀਤ ਕੁਮਾਰ, ਅਮਰਦੀਪ, ਹਰਜੀਤ ਸਿੰਘ, ਸੁਨੀਲ ਰਿਸ਼ੀ, ਫੂਲ ਬਦਨ ਤੇ ਮੁਕੇਸ਼ ਕੁਮਾਰ ਨੇ ਵੀ ਸੰਬੋਧਨ ਕੀਤਾ।

# ਨਵਜੋਤ ਸਿੱਧੂ ਵੱਲੋਂ ਯੂ-ਟਿਊਬ ਚੈਨਲ ਦੀ ਸ਼ੁਰੂਆਤ

**ਅੰਮ੍ਰਿਤਸਰ।** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਹੁਣ ਚਿੰਤਕ ਵਜੋਂ ਨਜ਼ਰ ਆਉਣਗੇ। ਉਨ੍ਹਾਂ ਅੱਜ ਆਪਣਾ ਨਵਾਂ ਯੂ-ਟਿਊਬ ਚੈਨਲ 'ਨਵਜੋਤ ਸਿੱਧੂ ਆਫੀਸ਼ੀਅਲ' ਸ਼ੁਰੂ ਕੀਤਾ ਹੈ। ਇਸ ਚੈਨਲ 'ਤੇ ਉਹ ਲੋਕਾਂ ਨਾਲ ਪ੍ਰੇਰਨਾਦਾਇਕ ਤੇ ਹੌਸਲਾ ਵਧਾਊ, ਸਿਹਤ, ਸੁੰਦਰ ਕੱਪੜਿਆਂ ਤੇ ਜੀਵਨ ਜਾਚ, ਕ੍ਰਿਕਟ, ਮੈਡੀਟੇਸ਼ਨ ਬਾਰੇ ਗੱਲਾਂ ਕਰਦੇ ਨਜ਼ਰ ਆਉਣਗੇ। ਇਹ ਖੁਲਾਸਾ ਉਨ੍ਹਾਂ ਇੱਥੇ ਆਪਣੇ ਘਰ ਵਿੱਚ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਉਹ ਇੱਕ ਨਵਾਂ ਯੂ-ਟਿਊਬ ਚੈਨਲ ਨਵਜੋਤ ਸਿੱਧੂ ਆਫੀਸ਼ੀਅਲ ਸ਼ੁਰੂ ਕਰ ਰਹੇ ਹਨ, ਜਿਸ ਦਾ ਸੰਚਾਲਨ ਉਨ੍ਹਾਂ ਦੀ ਧੀ ਰਾਬੀਆ ਸਿੱਧੂ ਅਤੇ ਇੱਕ ਹੋਰ ਨੇੜਲੇ ਸਾਥੀ ਅਨੰਤ ਕਵਰ ਵੱਲੋਂ ਕੀਤਾ ਜਾਵੇਗਾ। ਇਹ ਚੈਨਲ ਅੱਜ ਤੋਂ ਸ਼ੁਰੂ ਹੋ ਗਿਆ ਹੈ ਅਤੇ ਇਸ 'ਤੇ ਰੋਜ਼ ਨਵਜੋਤ ਸਿੱਧੂ ਨਾਲ ਸਬੰਧਤ ਵੀਡੀਓ ਅਪਲੋਡ ਹੋਵੇਗੀ। ਇਸ ਚੈਨਲ ਰਾਹੀਂ ਉਹ ਲੋਕਾਂ ਦੇ ਸਨਮੁਖ ਹੋਣਗੇ ਅਤੇ ਲੋਕਾਂ ਨਾਲ ਗੱਲਾਂ ਕਰਨਗੇ। ਉਨ੍ਹਾਂ ਕਿਹਾ ਕਿ ਸਿਆਸਤ ਨੂੰ ਛੱਡ ਇਸ ਚੈਨਲ 'ਤੇ ਹਰ ਤਰ੍ਹਾਂ ਦੀ ਵਾਰਤਾ ਹੋਵੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਉਹ ਕੁਮੈਂਟਰੀ ਦੇ ਕਿੱਤੇ ਨੂੰ ਜਾਰੀ ਰੱਖਣਗੇ ਅਤੇ ਪੰਜ ਮਈ ਨੂੰ ਮੁੜ ਕੁਮੈਂਟਰੀ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ ਸਰਗਰਮ ਸਿਆਸਤ ਦਾ ਹਿੱਸਾ ਰਹਿਣਗੇ। ਪੰਜਾਬ ਦੀ ਸਿਆਸਤ ਦੀ ਦਿਸ਼ਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਲੋਕ ਹੀ ਤੈਅ ਕਰਨਗੇ। ਉਨ੍ਹਾਂ ਕਿਹਾ ਕਿ ਇਹ ਬਦਕਿਸਮਤੀ ਹੈ ਕਿ ਕੁਝ ਲੋਕਾਂ ਨੇ ਸਿਆਸਤ ਨੂੰ ਧੰਦਾ ਬਣਾ ਲਿਆ ਹੈ। ਉਨ੍ਹਾਂ ਖੁਦ ਤੇ ਉਨ੍ਹਾਂ ਦੀ ਧੀ ਨੇ ਇੱਕ ਗੱਲ ਨੂੰ ਮੰਨਿਆ ਹੈ ਕਿ ਸ੍ਰੀ ਸਿੱਧੂ ਨੂੰ ਹੁਣ ਚਿੰਤਨ ਵਿੱਚ ਵਧੇਰੇ ਆਨੰਦ ਮਿਲਦਾ ਹੈ।

# ਮੈਨਸ ਯੂਨੀਅਨ ਨੇ ਰੇਲ ਕੋਚ ਫੈਕਟਰੀ ਵਿਖੇ ਮਜ਼ਦੂਰ ਦਿਵਸ ਸੰਬੰਧੀ ਸਮਾਗਮ ਕਰਵਾਇਆ

## ਮਜ਼ਦੂਰ ਦਿਵਸ ਦਿਨ ਰਾਤ ਸਿਰਫ 8 ਘੰਟੇ ਕੰਮ ਕਰਨ ਦਾ ਅੰਦੋਲਨ ਹੈ - ਤਾਲਿਬ ਮਹੁੰਮਦ

**ਕਪੂਰਥਲਾ ( ਕੌੜਾ )-** ਰੇਲ ਕੋਚ ਫੈਕਟਰੀ ਮੈਨਸ ਯੂਨੀਅਨ ਦੁਆਰਾ ਕਾਰਖਾਨੇ ਦੇ ਮੁੱਖ ਗੇਟ ਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਝੰਡਾ ਚੜ੍ਹਾਉਂਦੇ ਹੋਏ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਮੌਕੇ 'ਤੇ ਇਕੱਠੇ ਹੋਏ ਕਰਮਚਾਰੀਆਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਆਗੂ ਤਾਲਿਬ ਮੁਹੰਮਦ ਨੇ ਕਿਹਾ ਕਿ ਮਜ਼ਦੂਰ ਦਿਵਸ ਦਿਨ ਰਾਤ ਸਿਰਫ 8 ਘੰਟੇ ਕੰਮ ਕਰਨ ਦਾ ਅੰਦੋਲਨ ਹੈ। ਜਿਸਨੂੰ ਮਨਾਉਣ ਦੀ ਪਰੰਪਰਾਂ 132 ਸਾਲਾਂ ਤੋਂ ਚੱਲੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਸਭ ਤੋਂ ਵੱਧ ਬੰਧੂਆ ਮਜ਼ਦੂਰ ਭਾਰਤ ਵਿੱਚ ਹਨ। ਵਿਸ਼ਵ ਗੁਲਾਮੀ ਸੂਚਕਾਂਕ ਦੀ ਰਿਪੋਰਟ ਦੇ ਅਨੁਸਾਰ ਸਾਲ 2016 ਵਿੱਚ ਭਾਰਤ ਦੇ 80 ਲੱਖ ਲੋਕ ਆਧੁਨਿਕ ਗੁਲਾਮੀ ਵਿੱਚ ਜੀ ਰਹੇ ਸਨ। ਸਰਕਾਰ ਦੇ ਅੰਕੜਿਆਂ ਦੇ ਅਨੁਸਾਰ 93% ਮਜ਼ਦੂਰ ਹਨ ਜੋ ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੇ ਹਨ ਜਿਹਨਾਂ ਨੂੰ ਨਿਊਨਤਮ ਮਜ਼ਦੂਰੀ ਵਰਗੀਆਂ ਸੁਰਖਿਆ ਵੀ ਨਹੀਂ ਮਿਲਦੀ।

1889 ਵਿੱਚ ਪੈਰਿਸ ਕਾਨਫਰੰਸ ਵਿੱਚ ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਨੂੰ ਉਭਾਰਨ ਲਈ 1 ਮਈ ਦਾ ਦਿਨ ਚੁਣਿਆ ਗਿਆ ਸੀ। 1 ਅਕਤੂਬਰ 1884 ਵਿੱਚ ਅਮਰੀਕਾ ਵਿੱਚ ਕੈਨੇਡਾ ਦੀ ਟਰੇਡ ਯੂਨੀਅਨ ਦੇ ਸੰਗਠਨ ਫੇਡਰੇਸ਼ਨ ਨੇ 8 ਘੰਟੇ ਕੰਮ ਕਰਨ ਦੀ ਮੰਗ ਉਠਾਈ ਸੀ।

1 ਮਈ 1886 ਨੂੰ ਅਮਰੀਕਾ ਦੀ ਮਜ਼ਦੂਰ ਯੂਨੀਅਨਾਂ ਨੇ ਕੰਮ ਦੇ ਸਮੇਂ ਨੂੰ 8 ਘੰਟੇ ਤੋਂ ਵੱਧ ਰੱਖਣ ਦੇ ਖ਼ਿਲਾਫ਼ ਹੜਤਾਲ ਕੀਤੀ। ਹੜਤਾਲ ਦੇ ਦੌਰਾਨ ਸ਼ਿਕਾਗੋ ਸ਼ਹਿਰ ਦੇ ਹੈ ਮਾਰਕਿਟ ਵਿੱਚ ਇੱਕ ਬੰਬ ਧਮਾਕਾ



ਹੋਇਆ ਅਤੇ ਉਸ ਤੋਂ ਬਾਅਦ ਨਿਹਤਥੇ ਕਰਮਚਾਰੀਆਂ ਨੂੰ ਉਸ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਥੇ ਦੀ ਪੁਲਿਸ ਅਤੇ ਸਰਕਾਰ ਨੇ ਮਜ਼ਦੂਰਾਂ 'ਤੇ ਗੋਲੀ ਚਲਵਾਈ, ਜਿਸ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਸ਼ਹੀਦ ਹੋ ਗਏ ਪਰ ਅੰਦੋਲਨ ਨਿਰੰਤਰ ਚੱਲਿਆ ਗਿਆ ਅਤੇ ਅੰਤ ਵਿੱਚ ਉਥੇ ਦੀਆਂ ਸਰਕਾਰਾਂ ਨੂੰ ਕੰਮ ਦੇ 8 ਘੰਟੇ ਪੱਕੇ ਕਰਨ ਤੇ ਸਮਝੌਤਾ ਕਰਨਾ ਪਿਆ। ਜਿਸ ਕਾਰਨ ਅੱਜ ਸਾਰੇ ਮਜ਼ਦੂਰ, ਚਾਹੇ ਉਹ ਅਸੰਗਠਿਤ ਖੇਤਰ ਦੇ ਮਜ਼ਦੂਰ ਹੋਣ ਜਾਂ ਸੰਗਠਿਤ ਖੇਤਰ ਦੇ, 8 ਘੰਟੇ ਕੰਮ ਦੀ ਡਿਊਟੀ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਾਰੇ ਮਜ਼ਦੂਰ ਸੰਗਠਨ ਇਕੱਠੇ ਹੋ ਕੇ ਇੱਕ ਪਲੇਟਫਾਰਮ 'ਤੇ ਆਵਣ ਅਤੇ ਭਾਰਤ ਵਿੱਚ ਵੱਧ ਰਹੀ ਬੇਰੋਜ਼ਗਾਰੀ ਦੀ ਸਮੱਸਿਆ ਲਈ ਇੱਕ ਮਜ਼ਬੂਤ ਲੜਾਈ ਭਾਰਤ ਸਰਕਾਰ ਦੇ ਖ਼ਿਲਾਫ਼ ਲੜਣ। ਉਨ੍ਹਾਂ ਉਦਾਹਰਣ ਦਿੰਦਿਆਂ ਕਿਹਾ ਕਿ ਜਦੋਂ ਇਹ ਕਾਰਖਾਨਾ ਪੰਜਾਬ ਵਿੱਚ ਲਾਇਆ ਗਿਆ ਸੀ ਤਾਂ ਇੱਥੇ ਦੇ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਇੱਥੇ 10000 ਕਰਮਚਾਰੀ ਦੀ ਭਰਤੀ ਹੋਵੇਗੀ ਪਰ ਉਹ ਵਾਅਦਾ ਵੀ ਸਰਕਾਰਾਂ ਨੇ ਪੂਰਾ ਨਹੀਂ ਕੀਤਾ ਅਤੇ ਅੱਜ ਦੀ ਮੌਜੂਦਾ ਸਥਿਤੀ ਤਾ ਇਹ ਹੋ ਗਈ ਹੈ, ਕਿ ਇੱਥੇ ਸਿਰਫ ਕੰਮ ਕਰਨ ਵਾਲੇ ਕਰਮਚਾਰੀ 2500 ਤੋਂ 3000 ਹੀ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਇਹ ਤਦੋਂ ਸੰਭਵ ਹੋ ਸਕਦਾ ਹੈ ਜਦੋਂ ਪੰਜਾਬ ਦੇ ਜਿੰਨੇ ਵੀ ਸ਼੍ਰਮਿਕ ਜਥੇਬੰਦੀਆਂ ਨੇ ਇਕੱਠੇ ਹੋ ਕੇ ਇੱਕ ਲੜਾਈ ਲੜੀ ਕਿ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਉਪਲਬਧ ਕਰਵਾਇਆ ਜਾਵੇ। ਨਾ ਕਿ ਛੋਟੀ-ਛੋਟੀ ਗੱਲਾਂ ਦੇ ਨਾਲ ਅਸੀਂ ਆਪਸ ਵਿੱਚ ਹੀ ਲੜਦੇ ਰਹੀਏ ਤੇ ਸਰਕਾਰ ਉਹਦੇ ਫਾਇਦੇ ਉਠਾਉਂਦੀ ਰਹੇ ਅਤੇ ਇੱਕ ਦਿਨ ਪਤਾ ਲੱਗੇ ਕਿ ਸਾਡੇ ਕਾਰਖਾਨੇ ਵਿੱਚ ਸਿਰਫ ਠੇਕੇਦਾਰ ਦੀ ਲੇਬਰ ਹੀ ਕੰਮ ਕਰ ਰਹੀ ਹੈ। ਅੰਤ ਵਿੱਚ ਯੂਨੀਅਨ ਦੇ ਪ੍ਰਧਾਨ ਸਰਦਾਰ ਸੁਰਜੀਤ ਸਿੰਘ ਜੀਤਾ ਨੇ ਆਏ ਹੋਏ ਸਾਰੇ ਯੂਨੀਅਨ ਦੇ ਆਫਿਸ ਬੀਅਰਾਂ, ਕਰਮਚਾਰੀਆਂ ਅਤੇ ਬ੍ਰਾਂਚ ਦੇ ਪਦੌਂ ਦਾ ਬਹੁਤ-ਬਹੁਤ ਧੰਨਵਾਦ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਲੈਸਟਰ ਵਿੱਚ ਵੱਖ-ਵੱਖ ਭਾਈਚਾਰਿਆਂ ਵੱਲੋਂ ਸਾਂਝੇ ਤੌਰ ਤੇ ਕਰਵਾਇਆ ਗਿਆ ਭਾਈਚਾਰਕ ਸਮਾਰੋਹ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਦਿ ਰਾਈਟ ਵਰਸ਼ਫੁੱਲ ਦੇ ਸੱਦੇ 'ਤੇ, ਲੈਸਟਰ ਦੇ ਲਾਰਡ ਮੇਅਰ, ਕੌਂਸਲਰ ਭੂਪੇਨ ਡੇਵ, ਵੱਲੋਂ ਇੱਕ ਵਪਾਰਕ ਅਤੇ ਭਾਈਚਾਰਕ ਨਾਗਰਿਕ ਸਵਾਗਤ ਸਮਾਰੋਹ ਆਯੋਜਿਤ ਕੀਤਾ ਗਿਆ।

ਇਸ ਸਮਾਰੋਹ ਚ ਪੁੱਜੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਇਸ ਸਮਾਰੋਹ ਚ ਲੈਸਟਰ ਦੇ ਲਾਰਡ ਮੇਅਰ, ਕੌਂਸਲਰ ਭੂਪੇਨ ਡੇਵ; ਲੈਸਟਰ ਦੀ ਲੇਡੀ ਮੇਅਰੈਸ, ਸ਼੍ਰੀਮਤੀ ਊਸ਼ਾ ਡੇਵ; ਡਾ. ਵੈਂਕਟਾਚਲਮ ਮੁਰੂਗਨ, ਕੌਂਸਲ ਜਨਰਲ ਆਫ਼ ਇੰਡੀਆ (ਬਰਮਿੰਘਮ); ਸਰ ਪੀਟਰ ਸੋਲਸਬੀ, ਲੈਸਟਰ ਦੇ ਸਿਟੀ ਮੇਅਰ; ਰੂਪਰਟ ਮੈਥਿਊਜ਼, ਪੁਲਿਸ ਅਤੇ ਅਪਰਾਧ ਕਮਿਸ਼ਨਰ, ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ; ਹਿੰਦੂ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਦੇ ਆਗੂਆਂ ਨੇ ਸਿਰਕਤ ਕੀਤੀ। ਇਸ ਸਮਾਰੋਹ ਚ ਵਿਸ਼ੇਸ਼ ਤੌਰ ਤੇ ਪੁੱਜੇ ਇੰਡੀਅਨ ਵਰਕਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਉਕਤ ਆਗੂਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੇ ਸ਼ਹਿਰ ਅਤੇ ਵਿਆਪਕ ਯੂਕੇ ਦੇ ਭਾਈਚਾਰੇ ਦੀ ਬਿਹਤਰੀ ਲਈ ਇੱਕ ਮਜ਼ਬੂਤ ਕਾਰਜਸ਼ੀਲ ਭਾਈਵਾਲੀ ਬਣਾਉਣ ਦੇ ਤਰੀਕਿਆਂ 'ਤੇ ਜ਼ੋਰ ਦਿੱਤਾ ।



**ਫੋਟੋ ਵਿੱਚ (ਖੱਬੇ ਤੋਂ): ਸੀਤਲ ਸਿੰਘ ਗਿੱਲ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ; ਕੌਂਸਲਰ ਭੂਪੇਨ ਡੇਵ, ਲੈਸਟਰ ਦੇ ਲਾਰਡ ਮੇਅਰ; ਡਾ. ਵੈਂਕਟਾਚਲਮ ਮੁਰੂਗਨ, ਕੌਂਸਲ ਜਨਰਲ ਆਫ਼ ਇੰਡੀਆ (ਬਰਮਿੰਘਮ); ਅਤੇ ਸ਼੍ਰੀਮਤੀ ਊਸ਼ਾ ਡੇਵ, ਲੇਡੀ ਮੇਅਰੈਸ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

# ਫਰੀਦਕੋਟ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ

## ਸ਼ਿਕਾਗੋ ਦੇ ਸ਼ਹੀਦਾਂ ਨੂੰ ਕੀਤਾ ਯਾਦ

**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਕੌਮਾਂਤਰੀ ਮਜ਼ਦੂਰ ਦਿਹਾੜੇ ਦੇ ਮੌਕੇ ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ, ਦੀ ਕਲਾਸ ਫ਼ੋਰ ਗੌਰਮਿੰਟ ਇਮਪਲਾਈਜ ਯੂਨੀਅਨ , ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਅਤੇ ਏਟਕ ਵੱਲੋਂ ਸਥਾਨਕ ਸਰਕਾਰੀ ਬਰਜਿੰਦਰਾ ਕਾਲਜ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਨਹਿਰੀ ਕਾਲੋਨੀ , ਡੀ ਸੀ ਦਫਤਰ, ਪੀ ਆਰ ਟੀ ਸੀ ਬੱਸ ਅੱਡਾ ਫਰੀਦਕੋਟ ਵਿਖੇ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਇਆ ਗਿਆ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਇਕਬਾਲ ਸਿੰਘ ਢੁੱਡੀ ਜਿਲਾ ਪ੍ਰਧਾਨ, ਬਲਕਾਰ ਸਿੰਘ ਸਹੋਤਾ ਜਨਰਲ, ਸਕੱਤਰ ,ਨਛੱਤਰ ਸਿੰਘ ਭਾਣਾ, ਰਮੇਸ਼ ਢੈਪਈ, ਇਕਬਾਲ ਸਿੰਘ ਰਣ ਸਿੰਘ ਵਾਲਾ ਆਗੂ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ, ਹਰਪਾਲ ਸਿੰਘ ਮਚਾਕੀ ਪਾਵਰ ਕਾਮ ਪੈਨਸ਼ਨਰ ਆਗੂ, , ਹਰਵਿੰਦਰ ਸ਼ਰਮਾ ਸੂਬਾ ਪ੍ਰਧਾਨ ਆਊਟ ਸੋਰਸ ਮੁਲਾਜ਼ਮ ਯੂਨੀਅਨ , ਰੇਸ਼ਮ ਸਿੰਘ, ਪਰਮਜੀਤ ਸਿੰਘ ਪੰਮਾ, ਗੁਰਪ੍ਰੀਤ ਸਿੰਘ ਸਿੱਧੂ ਸਰਕਾਰੀ ਬ੍ਰਿਜਿੰਦਰਾ ਕਾਲਜ, ਸ਼ਿਵ ਨਾਥ ਦਰਦੀ, ਸੁਖਵਿੰਦਰ ਸਿੰਘ ਗਿੱਲ ਪ੍ਰਧਾਨ ਸਿਕਿਉਰਟੀ ਗਾਰਡ ਮੁਲਾਜ਼ਮ ਯੂਨੀਅਨ, ਹਰੀ ਸਿੰਘ ਨਹਿਰੀ ਵਿਭਾਗ ,ਰਾਜਦੇਵ ਸਿੰਘ, ਰਾਮ ਸਿੰਘ ਡੀ ਸੀ ਦਫਤਰ, ਪੈਨਸ਼ਨਰ ਆਗੂ ਸੋਮ ਨਾਥ ਅਰੋੜਾ, ਤਰਸੇਮ ਨਰੂਲਾ ਕੋਟਕਪੂਰਾ , ਕੁਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ , ਨਰੇਗਾ ਮਜ਼ਦੂਰਾਂ ਦੇ ਆਗੂ ਗੋਰਾ ਸਿੰਘ ਪਿਪਲੀ ਅਤੇ ਵੀਰ ਸਿੰਘ ਕੰਮਿਆਣਾ ਨੇ ਅੱਜ ਦੇ ਦਿਨ ਦੇ ਇਤਿਹਾਸ ਬਾਰੇ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਮੌਜੂਦਾ ਸਮੇਂ ਦੀਆਂ ਹੁਕਮਰਾਨ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲਗਾਤਾਰ ਮਜ਼ਦੂਰਾਂ ਨਾਲ ਬੇਇਨਸਾਫੀ ਕਰ ਰਹੀਆਂ ਹਨ ਅਤੇ ਕੰਮ ਦਿਹਾੜੀ ਘੰਟੇ ਘਟਾਉਣ ਦੀ ਬਜਾਏ ਕੰਮ ਦਿਹਾੜੀ ਘੰਟੇ ਵਧਾਉਣ ਦੇ ਰਾਹ ਪਈਆਂ ਹੋਈਆਂ ਹਨ। ਮਜ਼ਦੂਰਾਂ ਨੂੰ ਬਹੁਤ ਘੱਟ ਉਜਰਤਾਂ ਦੇਕੇ ਬੇਰੁਜ਼ਗਾਰੀ ਦੀ ਆੜ ਹੇਠ ਇਹਨਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਇਸ ਕਰਕੇ ਸਮੂਹ ਕਿਰਤੀਆਂ ਅਤੇ ਮਜ਼ਦੂਰਾਂ ਨੂੰ ਆਪਣੀ ਲਾਮਬੰਦੀ ਹੋਰ ਤਿੱਖੀ ਕਰਕੇ ਸੰਘਰਸ਼ਾਂ ਨੂੰ ਮਜਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਗੁਰਚਰਨ ਸਿੰਘ ਮਾਨ, ਰਾਜੀਵ ਸ਼ਰਮਾ ਮੈਡੀਕਲ ਕਾਲਜ , ਸਤਨਾਮ ਸਿੰਘ ਪੱਖੀ, ਲਲਿਤ ਕੁਮਾਰ, ਮਨਵੀਰ ਸਿੰਘ ,ਬੂਟਾ ਸਿੰਘ , ਡਾਕਟਰ ਰਣਜੀਤ ਸਿੰਘ, ਦਵਿੰਦਰ ਘਾਰੂ , ਹਰਫੂਲ ਸਿੰਘ,ਸਰਬਜੀਤ ਕੌਰ, ਵੀਰਪਾਲ ਕੌਰ, ਮਨਦੀਪ ਕੌਰ ਸਮੂਹ ਸਿਕਿਉਰਟੀ ਗਾਰਡ,
ਜੋਤੀ ਪ੍ਰਕਾਸ਼ ਮੰਡੀ ਬੋਰਡ ਨੀਲਾ ਸਿੰਘ ਮਾਰਕੀਟ ਕਮੇਟੀ, ਰਜਨੀਸ਼ ਸ਼ਰਮਾ, ਚਰਨਜੀਤ ਸਿੰਘ ਚਮੇਲੀ , ਰਜਿੰਦਰ ਸਿੰਘ ,ਰਾਮ ਲਾਲ ਯੂਸਫ, ਘਨਸ਼ਾਮ ਦਾਸ ਨਹਿਰੀ ਵਿਭਾਗ, ਮੁਰਾਰੀ ਲਾਲ, ਰਾਮ ਸੇਵਕ ਮਨਮੋਹਨ ਸਿੰਘ ਡੀ ਸੀ ਦਫਤਰ ਫਰੀਦਕੋਟ ,ਚਮਕੌਰ ਸਿੰਘ,ਹਰਮੀਤ ਸਿੰਘ, ਸੁਖਚਰਨ ਸਿੰਘ, ਗੁਰਦੀਪ ਭੋਲਾ, ਲਾਭ ਸਿੰਘ ਤੇ ਹਰਨੇਕ ਸਿੰਘ ਕਲੇਰ ਪੀ.ਆਰ.ਟੀ.ਸੀ ਆਦਿ ਸ਼ਾਮਲ ਸਨ।









# “ਇੰਨਰੋਲਮੈਂਟ ਡਰਾਈਵ” ਵੱਖ ਵੱਖ ਸਕੂਲਾਂ ਦੇ ਮੁੱਖੀਆਂ ਦੀ ਮੀਟਿੰਗ ਹੋਈ

## “ ਇੰਨਰੋਲਮੈਂਟ ਡਰਾਈਵ" ਅਧੀਨ ਮਸੀਤਾਂ ਬਲਾਕ ਨੂੰ ਜਿਲ੍ਹੇ ਵਿੱਚੋਂ ਪਹਿਲੇ ਸਥਾਨ ਤੇ ਲਿਆਉਣਾ ਮੁੱਖ ਟੀਚਾ – ਪ੍ਰਿੰਸੀਪਲ ਆਸ਼ਾ ਰਾਣੀ

**ਕਪੂਰਥਲਾ (ਕੌੜਾ)–** ਡਾਇਰੈਕਟਰ ਐਸ.ਈ.ਆਰ.ਟੀ.ਪੰਜਾਬ ਵੱਲੋਂ ਜਾਰੀ ਹੁਕਮਾਂ ਅਨੁਸਾਰ ਅਤੇ ਮਮਤਾ ਬਜਾਜ ਜਿਲ੍ਹਾ ਸਿੱਖਿਆ ਅਫਸਰ (ਐਲੀ) ਤੇ (ਸੈ ਸਿ) ਕਪੂਰਥਲਾ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ “ਇੰਨਰੋਲਮੈਂਟ ਡਰਾਈਵ” ਅਧੀਨ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਸਬੰਧੀ ਬਲਾਕ ਮਸੀਤਾਂ ਦੇ ਸਮੂਹ ਮਿਡਲ , ਹਾਈ ਅਤੇ ਸੈਕੰਡਰੀ ਸਕੂਲਾਂ ਦੇ ਮੁਖੀਆਂ ਦੀ ਇੱਕ ਅਹਿਮ ਮੀਟਿੰਗ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿਖੇ ਹੋਈ । ਮੀਟਿੰਗ ਵਿੱਚ ਹਾਜ਼ਰ ਸਕੂਲ ਮੁਖੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਆਸ਼ਾ ਰਾਣੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਸਬੰਧੀ ਸਰਕਾਰ ਵੱਲੋਂ ਜੋ ਟੀਚੇ ਦਿੱਤੇ ਗਏ ਹਨ ਉਹਨਾਂ ਤੋਂ ਵੱਧ ਦਾਖਲੇ ਕਰਕੇ ਆਪਣੇ ਬਲਾਕ ਨੂੰ ਜਿਲ੍ਹੇ ਵਿੱਚੋਂ ਪਹਿਲੇ ਸਥਾਨ ਤੇ ਲਿਆਉਣਾ ਹੈ। ਇਸ ਸਬੰਧੀ ਸਾਨੂੰ ਸਾਰਿਆਂ ਨੂੰ ਮਾਪਿਆਂ ਨੂੰ ਜਾਗੂਰਕ ਕਰਨ ਦੀ ਲੋੜ ਹੈ ਅਤੇ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਜਿਵੇ ਕਿ ਮੁਫ਼ਤ ਸਿੱਖਿਆ , ਮੁਫ਼ਤ ਵਰਦੀਆਂ , ਮੁਫ਼ਤ ਕਿਤਾਬਾਂ ਅਤੇ ਦੁਪਿਹਰ ਦੇ ਭੋਜਨ ਤੋਂ ਇਲਾਵਾ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਵਜ਼ੀਫਿਆਂ ਬਾਰੇ ਦੱਸਣਾ ਹੋਵੇਗਾ। ਡਰਾਪ ਆਊਟ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਕੇ ਮੁੜ ਦਾਖਲ ਹੋ ਕੇ ਪੜ੍ਹਾਈ ਕਰਨ ਲਈ ਜਾਗੂਰਕ ਕਰਨਾ ਹੋਵੇਗਾ। ਮੀਟਿੰਗ ਵਿੱਚ ਸਾਰੇ ਹਾਜ਼ਰੀਨ ਨੇ ਆਪਣੇ-ਆਪਣੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਹਾਮੀ ਭਰੀ।
ਇਸ ਮੀਟਿੰਗ ਵਿੱਚ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਤੋਂ ਇਲਾਵਾ ਨਿਰਮਲ ਸਿੰਘ ਜੋਸ਼ਨ ਟਿੱਬਾ , ਸੁਰੇਸ਼ ਕੁਮਾਰ ਮੋਠਾਂਵਾਲ , ਗੁਰਦੇਵ ਸਿੰਘ ਡੱਲਾ , ਸੁਖਦੇਵ ਸਿੰਘ ਮੰਗੂਪੁਰ , ਨਰੇਸ਼ ਕੋਹਲੀ ਕਰਮਜੀਤਪੁਰ , ਮਹਿੰਦਰਪਾਲ ਸਿੰਘ ਸੁਲਤਾਨਪੁਰ , ਗੁਰਦਿਆਲ ਸਿੰਘ ਡੌਲਾ , ਰਾਜਬੀਰ ਕੌਰ ਸਾਬੂਵਾਲ , ਸੁਖਵਿੰਦਰ ਕੌਰ ਹੈਬਤਪੁਰ , ਬਲਜੀਤ ਕੌਰ ਬਿਧੀਪੁਰ , ਗੁਰਵਿੰਦਰ ਸਿੰਘ ਅਲਾਟੀਆਂਵਾਲ , ਸੁਖਵਿੰਦਰ ਕੌਰ ਮੀਰੇ , ਰਾਜਵਿੰਦਰ ਕੌਰ ਮਸੀਤਾਂ , ਪ੍ਰਮੋਦ ਸਿੰਘ ਤੋਤੀ , ਸੂਰਤ ਸਿੰਘ ਮੁਹੱਬਲੀਪੁਰ , ਸੁਰਿੰਦਰ ਸਿੰਘ ਕਾਲਰੂ , ਸੁਖਵਿੰਦਰ ਸਿੰਘ ਜਾਰਜਪੁਰ ਅਤੇ ਦੀਦਾਰ ਸਿੰਘ ਸਮੇਤ ਬਲਾਕ ਦੇ ਸਮੂਹ ਸਕ਼ ਮੁਖੀ ਹਾਜ਼ਰ ਸਨ।



# 2 ਮਈ ਨੂੰ ਨਸ਼ਿਆਂ ਖ਼ਿਲਾਫ਼ ਦੌੜਨਗੇ ਸ਼ਹੀਦ ਭਗਤ ਸਿੰਘ ਨਗਰ ਵਾਸੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 2 ਮਈ, ਦਿਨ ਸ਼ੁੱਕਰਵਾਰ ਨੂੰ ਇਕ ਵਿਸ਼ਾਲ ਮੈਰਾਥਨ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਇਸ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ। ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ,



ਵਲੰਟੀਅਰ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖ਼ਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਉਣਗੇ। ਇਸ ਦੌਰਾਨ ਉਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ, ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਅਤੇ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ ਗਰਾਊਂਡ ਵਿਖੇ ਸਮਾਪਤ ਹੋਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਸ਼ੁੱਕਰਵਾਰ ਨੂੰ ਸਵੇਰੇ 6.30 ਵਜੇ ਆਈ.ਟੀ.ਆਈ ਗਰਾਊਂਡ ਪਹੁੰਚ ਕੇ ਇਸ ਮੈਰਾਥਨ ਦਾ ਹਿੱਸਾ ਬਣਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਦੇਣ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਪਹਿਲਾਂ 25 ਅਪ੍ਰੈਲ ਨੂੰ ਕਰਵਾਈ ਜਾਣੀ ਸੀ, ਪਰੰਤੂ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਇਸ ਨੂੰ ਅੱਗੇ ਪਾ ਦਿੱਤਾ ਗਿਆ ਸੀ।

# ਮਾਵਾਂ ਦੇ ਪੁੱਤ ਬਚਾਉਣ ਲਈ ਅਤੇ ਭੈਣਾਂ ਦੇ ਵੀਰੇ ਬਚਾਉਣ ਲਈ ਬਸਪਾ ਤੇ ਯਕੀਨ ਕਰੋ : ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

**ਚੱਬੇਵਾਲ (ਚਰਨਜੀਤ ਸੱਲ੍ਹਾ )** ਪਿੰਡ ਦਿਹਾਣਾ ਵਿਧਾਨ ਸਭਾ ਹਲਕਾ ਚੱਬੇਵਾਲ ਜਿਲਾ ਹੁਸ਼ਿਆਰਪੁਰ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਸੰਕਲਪ ਲਿਆ ਗਿਆ ਅਤੇ ਬਸਪਾ ਵੱਲੋਂ ਚਲਾਈ ਜਾ ਰਹੀ ਪੰਜਾਬ ਸੰਭਾਲੋ ਮਹਿਮ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ ਪੰਜਾਬ ਦੇ ਵਿੱਚੋਂ ਡਰੱਗ ਮਾਫੀਏ ਦੇ ਖਾਤਮੇ ਲਈ,ਮਾਵਾਂ ਦੇ ਪੁੱਤ ਬਚਾਉਣ ਲਈ ਭੈਣਾਂ ਦੇ ਭਰਾ ਬਚਾਉਣੇ ਲਈ, ਬੇਰੁਜ਼ਗਾਰੀ ਦੇ ਖਾਤਮੇ ਲਈ ਅਮਨ ਕਾਨੂੰਨ ਦੀ



ਸਥਿਤੀ ਸੁਧਾਰਨ ਲਈ ਪੰਜਾਬ ਨੂੰ ਕਰਜੇ ਦੇ ਬੋਝ ਥੱਲਿਓਂ ਕੱਢਣੇ ਲਈ ਪੰਜਾਬ ਦੇ ਸਰਕਾਰੀ ਸਕੂਲਾਂ ਚ 100 ਫੀਸਦੀ ਅਧਿਆਪਕਾਂ ਦੀਆਂ ਪੋਸਟਾਂ ਭਰਨੇ ਲਈ ਅਤੇ ਮੁਫਤ ਤੇ ਲਾਜਮੀ ਸਿੱਖਿਆ ਦੇ ਕਾਨੂੰਨ ਨੂੰ ਲਾਗੂ ਕਰਨੇ ਲਈ ਸਿਹਤ ਸੇਵਾਵਾਂ ਸੁਧਾਰ ਲਈ ਇੱਕ ਨਵਾਂ ਸਿਹਤਮੰਦ ਪੰਜਾਬ ਬਣਾਉਣ ਲਈ ਸਮੂਹ ਕਿਰਤੀ ਕਾਮੇ ਕਿਸਾਨ ਵਪਾਰੀ ਦੁਕਾਨਦਾਰਾਂ ਨੂੰ ਬਹੁਜਨ ਸਮਾਜ ਪਾਰਟੀ ਵੱਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ ਲਈ ਸੱਦਾ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਦਿੱਤਾ ਇਸ ਮੌਕੇ ਤੇ ਯੱਸ ਭੱਟੀ ਪ੍ਰਧਾਨ ਬਸਪਾ ਹਲਕਾ ਚੱਬੇਵਾਲ ਅਤੇ ਸਾਰੀ ਟੀਮ ਹਾਜ਼ਰ ਸਨ।

# ਹਰ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਪੰਜਾਬ ਸਰਕਾਰ ਦਾ ਉਦੇਸ਼ - ਡਿਪਟੀ ਸਪੀਕਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 6 ਸਕੂਲਾਂ ਵਿੱਚ 77.71 ਲੱਖ ਰੁਪਏ ਦੀ ਲਾਗਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਬਦਲਾਅ ਲਿਆ ਰਹੀ ਹੈ। ਡਿਪਟੀ ਸਪੀਕਰ ਨੇ ਸਰਕਾਰੀ ਐਲੀਮੈਂਟਰੀ ਸਕੂਲ ਖਾਨਪੁਰ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਐਲੀਮੈਂਟਰੀ ਸਕੂਲ ਸਧੋਵਾਲ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਬਡੇਸਰੋਂ ਵਿੱਚ ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੇ) ਵਿੱਚ ਨਵੇਂ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੀਆਂ) ਵਿੱਚ ਨਵੇਂ ਕਲਾਸਰੂਮ, ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ ਅਤੇ ਸਰਕਾਰੀ ਹਾਈ ਸਕੂਲ ਬਸਿਆਲਾ ਵਿੱਚ ਨਵੇਂ ਕਲਾਸਰੂਮ ਅਤੇ ਚਾਰਦੀਵਾਰੀ ਦਾ ਉਦਘਾਟਨ ਕੀਤਾ। ਪਟੀ ਸਪੀਕਰ ਨੇ ਕਿਹਾ ਕਿ ਇਹ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਾਹੌਲ ਪ੍ਰਦਾਨ ਕਰਨਗੇ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ



ਮੌਕਾ ਪ੍ਰਦਾਨ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰੇਕ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਡਿਪਟੀ ਸਪੀਕਰ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਕ੍ਰਾਂਤੀ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰੇਗੀ ਸਗੋਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਵੀ ਮਦਦ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੇ ਸੂਬੇ ਦੇ ਹਜ਼ਾਰਾਂ ਸਕੂਲਾਂ ਨੂੰ ਅਪਗ੍ਰੇਡ ਕੀਤਾ ਹੈ ਅਤੇ ਉੱਥੇ ਹਰ ਬੁਨਿਆਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

# ਫ਼ਕੀਰ ਸ਼ਾਇਰ ਅਲਮਸਤ ਦੇਸਰਪੁਰੀ ਜੀ ਜਿਹਨਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਤੀਸਰਾ ਯਾਦਗਾਰੀ ਸੱਭਿਆਚਾਰਕ ਬਰਸੀ ਮੇਲਾ ਕਰਵਾਇਆ ਗਿਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਾਗਰ ਦੇਸਰਪੁਰੀ ਜੀ ਨੇ ਦਸਿਆ ਫ਼ਕੀਰ ਸ਼ਾਇਰ ਅਲਮਸਤ ਦੇਸਰਪੁਰੀ ਜੀ ਸਕੂਲ ਪੜ੍ਹਦੇ ਸਮੇ ਖੂਬਸੂਰਤ ਗੀਤ ਅਤੇ ਕਵਿਤਾਵਾਂ ਤੇ ਸੂਫ਼ੀ ਗੀਤ ਲਿਖਦੇ ਸੀ। ਇਹ ਸਫ਼ਰ ਚੱਲਦੇ ਚੱਲਦੇ ਅਲਮਸਤ ਦੇਸਰਪੁਰੀ ਜੀ ਦਾ ਫਕੀਰਾ ਦੇ ਨਾਲ ਵੀ ਬਹੁਤ ਜ਼ਿਆਦਾ ਰੁਜ਼ਾਨ ਸੀ ਕਿਉਂਕਿ ਉਹ ਖ਼ੁਦ ਇਸ ਸੂਫ਼ੀ ਸ਼ਾਇਰ ਸੀ । ਇਹ ਸਫ਼ਰ ਚੱਲਦੇ ਚਲਦੇ ਅਲਮਸਤ ਦੇਸਰਪੁਰੀ ਜੀ ਨੇ ਬਾਬਾ ਮੁਰਾਦ ਸ਼ਾਹ ਪਿੰਡ ਜਲੋਵਾਲ ਦਰਬਾਰ ਬਾਬਾ ਰੋਡੇ ਸ਼ਾਹ ਜੀ ਦੇ ਨਾਲ ਗੁਰੂ ਧਾਰਨਾ ਕਰ ਲਈ। ਜਿਸ ਕਰਕੇ ਪਿਤਾ ਜੀ ਦੇ ਨਾਮ ਨਾਲ ਫ਼ਕੀਰ ਵੀ ਜੁੜ ਗਿਆ । ਮੇਰੇ ਪਿਤਾ ਅਲਮਸਤ ਦੇਸਰਪੁਰੀ ਜੀ ਨੇ ਬਹੁਤ ਮਿਹਨਤ ਕੀਤੀ ਜਿਹਦੀ ਬਦੌਲਤ ਅੱਜ ਅਸੀ ਪੂਰਾ ਪਰਿਵਾਰ ਤਰੱਕੀ ਪ੍ਰਾਪਤ ਕਰ ਸਕੇ ਤੇ ਮੈਂ ਤੇ ਮੇਰਾ ਪੂਰਾ ਪਰਿਵਾਰ ਗ੍ਰੀਸ ਦੀ ਧਰਤੀ ਤੇ ਵੱਸ ਰਿਹਾ ਹਾਂ । ਅਸੀ ਆਪਣੇ ਪਿਤਾ ਜੀ ਨੂੰ ਅਲੱਗ ਅਲਗ ਅਵਾਜ਼ਾ ਦੇ ਜ਼ਰੀਏ ਗੀਤਾਂ ਚ ਓਹਨਾ ਦਾ ਨਾਮ ਸੁਣਦੇ ਰਹੇ ਤੇ ਜਿਹਦੇ ਨਾਲ ਸਾਡੇ ਮਨ ਵਿੱਚ ਓਹਨਾ ਦਾ ਪਿਆਰ ਸਤਿਕਾਰ ਹੋਰ ਵਧਦਾ ਗਿਆ । ਪਹਿਲਾ ਬਰਸੀ ਮੇਲਾ ਸਾਡੇ ਆਪਣੇ ਪਿੰਡ ਦੇਸਰਪੁਰ ਦੀ ਕਲੋਨੀ ਦੇ ਵਿੱਚ ਜਿੱਥੇ ਓਹਨਾ ਦੀ ਦਰਗਾਹ ਬਣਾਈ ਗਈ ਉਥੇ ਕਰਵਾਇਆ





ਗਿਆ ਸੀ ਪਰ ਜਗ੍ਹਾ ਘੱਟ ਹੋਣ ਕਾਰਨ ਇਹ ਮੇਲਾ ਅਸੀ ਆਪਣੇ ਪਿੰਡ ਸਰਕਾਰੀ ਸਕੂਲ ਵਿਖੇ ਆਪਣੇ ਪਿੰਡ ਦੀ ਨਗਰ ਪੰਚਾਇਤ ਦੇ ਸਹਿਯੋਗ ਨਾਲ ਕਰਵਾਉਂਦੇ ਹਾਂ ਇਸ ਮੇਲੇ ਵਿਚ ਅਲਗ ਅਲਗ ਦਰਬਾਰਾਂ ਤੋ ਸੰਤ ਮਹਾਂਪੁਰਸ਼ ਫ਼ਕੀਰ ਲੋਕ ਵੀ ਪਹੁੰਚਦੇ ਹਨ। ਪਿੰਡ ਜਲੋਵਾਲ ਤੋ ਪਹੁੰਚੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸ਼ਾਹ ਜੀ ਦਰਬਾਰ ਬਾਬਾ ਰੋਡੇ ਸ਼ਾਹ ਜੀ ਤੋ ਸੰਗੀਤਕਾਰ ਤੇ ਪੱਤਰਕਾਰ ਵੀ ਪਹੁੰਚਦੇ ਹਨ । ਪੰਜਾਬ ਦੇ ਬਹੁਤ ਸਾਰੇ ਮਸ਼ਹੂਰ ਕਲਾਕਾਰ ਆਪਣੀ ਆਵਾਜ਼ ਜ਼ਰੀਏ ਪਿਤਾ ਜੀ ਨੂੰ ਸਰਧਾ ਦੇ ਫੁਲ ਭੇਟ ਕਰਦੇ ਹਨ। ਮੇਲਿਆ ਦਾ ਬਾਦਸ਼ਾਹ ਮਸ਼ਹੂਰ ਗਾਇਕ ਦਲਵਿੰਦਰ ਦਿਆਲਪੁਰੀ , ਗਾਇਕ ਅਮਰੀਕ ਮਾਈਕਲ , ਆਰਤੀ ਅਨਮੋਲ ਚੰਡੀਗੜ੍ਹ , ਮਨਜੀਤ ਸੈਰਾ , ਟੀਨਾ ਸਿੰਘ, ਰਾਜਿੰਦਰ ਰਾਜਨ, ਰਾਣਾ ਫੋਲੜੀਵਾਲ, ਓਮਜੀਤ ਓਮੀ , ਮਨੀ ਕੋਟਲੀ , ਸਮੀਰ ਸਨੀ , ਡਾ. ਵਿਜੇ ਪੌਲ ਦੋਲੀਕੇ , ਅਮਰੀਕ ਬਲ ਤੇ ਮਨਜੀਤ ਸੋਨੀਆ ਅਤੇ ਮੰਚ ਸੰਚਾਲਕ ਰਾਹੁਲ ਲਹਿਰੀ ਤੇ ਸਾਬੀ ਬਰਾੜ ਬਹੁਤ ਵਧੀਆ ਸਟੇਜ ਦੀ ਭੂਮਿਕਾ ਨਿਭਾਕੇ ਗਏ । ਇਸ ਮੇਲੇ ਵਿੱਚ ਪਿੰਡ ਦੇ ਸਰਪੰਚ ਪਰਮਜੀਤ ਸਿੰਘ ਪੰਮਾ , ਪਿੰਡ ਤੇ ਨਗਰ ਪੰਚਾਇਤ ਦਾ ਬਹੁਤ ਸਹਿਯੋਗ ਮਿਲਦਾ । ਮੇਰੇ ਵਾਪਸ ਪਰਦੇਸ ਜਾਣ ਤੋ ਬਾਅਦ ਮੇਰਾ ਬਹੁਤ ਹੀ ਪਿਆਰਾ ਛੋਟਾ ਭਰਾ ਸੋਨੂੰ ਦੇਸਰਪੁਰੀ ਆਪਣੇ ਪਰਿਵਾਰ ਸਮੇਤ ਜਿੰਨੇ ਵੀ ਪਿਤਾ ਜੀ ਦੇ ਅਲਮਸਤ ਦੇਸਰਪੁਰੀ ਜੀ ਨੂੰ ਪਿਆਰ ਕਰਨ ਵਾਲਿਆ ਦਾ ਬਹੁਤ ਧਿਆਨ ਰੱਖਦੇ ਹਨ। ਦੇਸਰਪੁਰੀ ਜੀ ਦੇ ਸਾਰੇ ਪਰਿਵਾਰ ਵਲੋ ਬਹੁਤ ਧੰਨਵਾਦ ਹੈ ।

# ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਹੈ ਨੁਹਾਰ – ਡਾ. ਸੁਖਵਿੰਦਰ ਕੁਮਾਰ ਸੁੱਖੀ

**ਨਵਾਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਬੁਨਿਆਦੀ ਢਾਂਚਾ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਬੰਗਾ ਦੇ ਪਿੰਡ ਬਹਿਰਾਮ, ਫਰਾਲਾ, ਮੁੰਨਾ ਤੇ ਜੱਸੋ ਮਜਾਰਾ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ



ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿਚ ਮੋਹਰੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਹੀ ਅੱਜ ਦੇ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾ-ਬਲੇ ਵਧੀਆ ਸਹੂਲਤਾਂ ਉਪਲਬੱਧ ਹਨ। ਇਸ ਮੌਕੇ ਉਨਾਂ ਦੇ ਨਾਲ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਲਕਾ ਬੰਗਾ ਦੇ ਇੰਚਾਰਜ ਸੋਹਣ ਲਾਲ ਢੰਡਾ, ਬਲਾਕ ਪੰਚਾਇਤ ਅਫ਼ਸਰ ਆਦੇਸ਼ ਕੁਮਾਰ, ਮਹਿੰਦਰਪਾਲ ਜ਼ੋਨ ਇੰਚਾਰਜ , ਪਵਨਜੀਤ ਸਿੱਧੂ ਬਲਾਕ ਪ੍ਰਧਾਨ, ਸੁਖਦੇਵ ਰਾਜ ਮੱਲ੍ਹਾ, ਬਲਾਕ ਨੋਡਲ ਅਫਸਰ ਵਿਜੇ ਕੁਮਾਰ ਅਤੇ ਸਕੂਲਾਂ ਦੇ ਵਿਦਿਆਰਥੀਆਂ, ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅੰਜ਼ਾਮ ਤੱਕ ਪਹੁੰਚਾਵੇਗਾ ਨਸ਼ਾ ਮੁਕਤੀ ਮੋਰਚਾ – ਨਯਨ ਛਾਬੜਾ

## ਕਿਹਾ, ਘਰ–ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਜਾਵੇਗਾ ਜਾਗਰੂਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਲੋਕ ਲਹਿਰ ਉਸਾਰੀ ਜਾਵੇਗੀ। ਇਹ ਪ੍ਰਗਟਾਵਾ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜੋਨ ਕੋਆਰਡੀਨੇਟਰ ਨਯਨ ਛਾਬੜਾ ਨੇ ਅੱਜ ਇਥੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਕੋਆਰਡੀਨੇਟਰ ਸੇਠੀ ਉਧਨਵਾਲ ਦੇ ਨਾਲ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੀ ਜਵਾਨੀ ਨੂੰ ਚੁਫ਼ੇਰਿਓਂ ਮਾਰ ਕਰ ਰਹੇ ਨਸ਼ਿਆਂ 'ਤੇ ਸ਼ਿਕੰਜਾ ਕੱਸਦਿਆਂ ਵੱਡਾ ਹੱਲਾ ਬੋਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰਨ ਲਈ ਤਿੰਨ ਸਾਲ ਵਿਉਂਤਬੰਦੀ ਕੀਤੀ ਅਤੇ ਹੁਣ ਨਸ਼ਾ ਤਸਕਰਾਂ ਨੂੰ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਜਾਂ ਪੰਜਾਬ ਛੱਡ ਜਾਣ ਜਾਂ ਫੇਰ ਨਸ਼ਿਆਂ ਦਾ ਕਾਰੋਬ-ਾਰ ਛੱਡਣ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਉਂਦਿਆਂ ਨਸ਼ਿਆਂ ਦੀ ਪ੍ਰਚੂਨ ਵਿਕਰੀ ਨੂੰ ਨੱਥ ਪਾਈ ਹੈ ਅਤੇ ਹੁਣ ਵੱਡੇ ਸੌਦਾਗਰਾਂ ਨੂੰ ਹੱਥ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ



ਭਗਤ ਸਿੰਘ ਨਗਰ ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਸ਼ਲਾਘਾਯੋਗ ਕੰਮ ਕਰਦਿਆਂ ਮਾਰਚ ਤੋਂ ਹੁਣ ਤੱਕ 287 ਕੇਸ ਦਰਜ ਕਰਕੇ 242 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕਰੋੜਾਂ ਦੀ ਪ੍ਰਾਪਰਟੀ ਅਟੈਚ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਪੰਜ ਜੋਨਾਂ ਵਿਚ ਵੰਡ ਕੇ 1 ਮਈ ਤੋਂ ਪਿੰਡ-ਪਿੰਡ, ਕਸਬੇ ਤੇ ਸ਼ਹਿਰਾਂ 'ਚ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਦੀ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਸਫਲ ਕਰਨ ਲਈ ਲੋਕਾਂ ਦਾ ਸਾਥ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ 4 ਅਪ੍ਰੈਲ 2025, ਦਿਨ ਐਤਵਾਰ ਨੂੰ ਨਵਾਂਸ਼ਹਿਰ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦਾ ਇਕ ਵਿਸ਼ਾਲ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕਰਕੇ ਜ਼ਿਲ੍ਹੇ ਵਿਚ ਇਸ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਗਠਿਤ ਟੀਮ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾ ਕੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤੀ ਮੋਰਚੇ ਨੂੰ ਹੇਠਲੇ ਪੱਧਰ ਤੱਕ ਲਿਜਾਣ ਲਈ ਸ਼ਹੀਦ ਭਗਤ ਸਿੰਘ ਨਗਰ ਦਾ ਜ਼ਿਲ੍ਹਾ ਕੋਆਰਡੀਨੇਟਰ ਸੇਠੀ ਉਧਨਵਾਲ ਨੂੰ ਲਗਾਇਆ ਗਿਆ ਹੈ, ਜੋ ਕਿ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਵੀ ਹਨ। ਇਸੇ ਤਰ੍ਹਾਂ ਬਲਾਚੌਰ ਹਲਕੇ ਲਈ ਬਲਦੇਵ ਰਾਜ, ਬੰਗਾ ਹਲਕੇ ਲਈ ਪ੍ਰਭਜੋਤ ਸਿੰਘ ਅਤੇ ਨਵਾਂਸ਼ਹਿਰ ਹਲਕੇ ਲਈ ਵਨੀਤ ਸਿੰਘ ਜਾਡਲਾ ਨੂੰ ਕੋਆਰਡੀਨੇਟਰ ਲਗਾਇਆ ਗਿਆ ਹੈ।

# ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਵੱਲੋਂ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ

**ਫਰੀਦਕੋਟ ( ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਮਿਤੀ 27 ਅਪ੍ਰੈਲ 2025 ਦਿਨ ਐਤਵਾਰ ਨੂੰ ਸਥਾਨਕ ਪੈਨਸ਼ਨ ਭਵਨ ਨਜ਼ਦੀਕ ਹੁੱਕੀ ਚੌਕ ਫਰੀਦਕੋਟ ਵਿਖੇ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕਰਨਲ ਬਲਬੀਰ ਸਿੰਘ ਸਰਾਂ, ਡਾ. ਗੁਰਦੇਵ ਸਿੰਘ ਸਿੱਧੂ , ਇੰਦਰਜੀਤ ਸਿੰਘ ਖੀਵਾ, ਲਾਲ ਸਿੰਘ ਕਲਸੀ, ਸਤਪਾਲ ਸਿੰਘ ਸੋਹਲ, ਪ੍ਰੋ. ਦਲਬੀਰ ਸਿੰਘ, ਪ੍ਰੋ. ਨਿਰਮਲ ਕੌਸ਼ਿਕ ਸੁਸ਼ੋਭਿਤ ਸਨ। ਸਭ ਤੋਂ ਪਹਿਲਾਂ ਸਭਾ ਵੱਲੋਂ ਕੁਝ ਸ਼ੋਕ ਮਤੇ ਪਾਏ ਗਏ ਜਿਸ ਵਿੱਚ ਪਹਿਲਗਾਮ ( ਕਸ਼ਮੀਰ) ਵਿਖੇ ਕੁਝ ਅੱਤਵਾਦੀਆਂ ਵੱਲੋਂ ਹਮਲਾ ਕਰਕੇ 26 ਦੇ ਕਰੀਬ ਬੇਕਸੂਰ ਲੋਕਾਂ ਦੀ ਹੱਤਿਆ ਕੀਤੀ ਗਈ ਲਈ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ



ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਰੋਜ਼ਾਨਾ ਅਜੀਤ ਦੇ " ਖੂੰਢ ਚਰਚਾ " ਦੇ ਕਾਲਮ ਨਫ਼ੀਸ ਸ੍ਰੀ ਲਾਭ ਸੰਧੂ ( ਦੁਆਰੇਆਣਾ ) ਭਗਤਾ, ਉੱਘੇ ਲੇਖਕ ਨਿਰਭੈ ਸਿੰਘ ਸੰਧੂ ( ਦੁਆਰੇਆਣਾ ) ਕੋਟਕਪੂਰਾ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਇਸੇ ਤਰ੍ਹਾਂ ਉੱਘੇ ਕਵੀ ਕੇਸਰ ਸਿੰਘ ਨੀਰ ਨਿਵਾਸੀ ਕਨੇਡਾ ਅਤੇ ਕੁਲਵੰਤ ਸਰੋਤਾ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਰਜਿ ਮੁਕਤਸਰ ਸਾਹਿਬ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਸ੍ਰੀ ਸਾਧੂ ਸਿੰਘ ਚੌਹਾਨ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਮਾਗਮ ਦੇ ਪਹਿਲੇ ਪੜਾਅ ਵਿੱਚ ਸਭਾ ਵੱਲੋਂ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਸੁਰਿੰਦਰਪਾਲ ਸ਼ਰਮਾ ਭਲੂਰ, ਬਲਜੀਤ ਸਿੰਘ ਸੰਧੂ, ਸਤਪਾਲ ਸਿੰਘ ਸੋਹਲ, ਬਲਵੰਤ ਰਾਏ ਗੱਖੜ, ਹਰੀਸ਼ ਗਰੋਵਰ, ਦਰਸ਼ਨ ਰੋਮਾਣਾ, ਬੂਟਾ ਸਿੰਘ ਅਰਾਈਆ ਵਾਲਾ, ਜਸਵੀਰ ਸ਼ਰਮਾ ਦੱਦਾਹੂਰ , ਧਰਮ



ਪ੍ਰਵਾਨਾ, ਹਰਸੰਗੀਤ ਸਿੰਘ ਗਿੱਲ ਨੇ ਆਪਣੇ ਕਲਾਮ ਪੇਸ਼ ਕੀਤੇ। ਹਾਜ਼ਰ ਲੇਖਕਾਂ ਵਿੱਚ ਰਾਜ ਧਾਲੀਵਾਲ, ਮੁਖਤਿਆਰ ਸਿੰਘ ਵੰਗੜ, ਇੰਜ. ਭਾਗ ਸਿੰਘ, ਮਨਜਿੰਦਰ ਗੋਲ੍ਹੀ , ਜੇ. ਪੀ. ਸਿੰਘ ਸੁਖਦੇਵ ਸਿੰਘ ਦੁਸਾਂਝ , ਮਹਿੰਦਰ ਸਿੰਘ ਸੋਢੀ ਹਾਜ਼ਰ ਸਨ। ਦੂਜੇ ਪੜਾਅ ਵਿੱਚ ਪੁਸਤਕ ਲੋਕ ਅਰਪਣ ਦਾ ਸਮਾਰੋਹ ਰਚਾਇਆ ਗਿਆ ਜਿਸ ਵਿੱਚ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦੀ ਨਵ ਪ੍ਰਕਾਸ਼ਿਤ ਪੁਸਤਕ " ਸਿਰ ਦੀ ਛੱਤ " ਰਿਲੀਜ਼ ਕੀਤੀ ਗਈ ਜੋ ਕਿ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਕਰਨਲ ਬਲਬੀਰ ਸਿੰਘ ਸਰਾਂ, ਇਕਬਾਲ ਘਾਰੂ, ਪ੍ਰੋ. ਨਿਰਮਲ ਕੌਸ਼ਿਕ ਅਤੇ ਲਾਲ ਸਿੰਘ ਕਲਸੀ ਦੇ ਪੁੱਤਰ ਅਤੇ ਨੂੰਹ ਨੇ ਆਪਣੇ ਕਰ ਕਮਲਾਂ ਨਾਲ ਕੀਤੀ। ਇਸ ਪੁਸਤਕ ਬਾਰੇ ਪੇਪਰ ਪ੍ਰੋ. ਨਿਰਮਲ ਕੌਸ਼ਿਕ ਨੇ ਪੜ੍ਹ ਕੇ ਆਪਣੀ ਆਪਣੀ ਬੁੱਧੀਮਾਨਤਾ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਨੇ ਕਲਸੀ ਸਾਹਿਬ ਨੂੰ ਨਵੀਂ ਚੇਤੰਨਤਾ ਦਾ ਨਿਪੁੰਨ ਕਹਾਣੀਕਾਰ ਦੱਸਦੇ ਹੋਏ ਉਨ੍ਹਾਂ ਦੀਆਂ ਕਹਾਣੀਆਂ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਵੇਖਦਿਆਂ ਆਪਣੀ ਉਸਾਰੂ ਸੋਚ ਦਾ ਪ੍ਰਗਟਾਵਾ ਕੀਤਾ। ਇਸ ਤੋਂ ਬਾਅਦ ਸਤਪਾਲ ਸਿੰਘ ਸੋਹਲ ਦੀ ਪਲੇਠੀ ਪੁਸਤਕ " ਗੀਤ ਮੇਰਾ ਸਰਮਾਇਆ " ਦੀ ਘੁੰਡ ਚੁਕਾਈ ਹੋਈ। ਇਸ ਪੁਸਤਕ ਤੇ ਪ੍ਰੋ. ਦਲਬੀਰ ਸਿੰਘ ਨੇ ਪੇਪਰ ਪੜ੍ਹਿਆ। ਉਨ੍ਹਾਂ ਸਤਪਾਲ ਸਿੰਘ ਸੋਹਲ ਦੀ ਨਿੱਜੀ ਜ਼ਿੰਦਗੀ ਬਾਰੇ ਬੜੀਆਂ ਮਹੱਤਵਪੂਰਨ ਗੱਲਾਂ ਦੱਸ ਕੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਵੱਖ ਵੱਖ-ਵੱਖ ਗੀਤਾਂ ਦੇ ਟੋਟਕੇ ਸੁਣਾ ਕੇ ਸਮਾਗਮ ਨੂੰ ਹੋਰ ਰੋਚਕ ਬਣਾਇਆ। ਅੰਤ ਵਿੱਚ ਦੋਵਾਂ ਲੇਖਕਾਂ ਨੇ ਪੁਸਤਕਾਂ ਉੱਪਰ ਪੇਪਰ ਪੜ੍ਹਨ ਵਾਲਿਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ। ਉਪਰੰਤ ਦੋਵਾਂ ਲੇਖਕਾਂ ਨੇ ਆਪਣੀ ਤਰਫੋ. ਸਭਾ ਦੇ ਨੁਮਾਇੰਦਿਆਂ ਨਵਰਾਹੀ ਘੁਗਿਆਣਵੀ , ਕਰਨਲ ਬਲਬੀਰ ਸਿੰਘ ਸਰਾਂ, ਇੰਦਰਜੀਤ ਸਿੰਘ ਖੀਵਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਪ੍ਰਸਿੱਧ ਲੇਖਕ ਇਕਬਾਲ ਘਾਰੂ ਨੇ ਬਾਖੂਬੀ ਨਿਭਾਈ।

# ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਤੇ ਸਰਕਾਰ ਦੇ ਡੰਡੇ ਦੀ ਤਾਕਤ ਦਾ ਹੋ ਰਿਹਾ ਇਸਤੇਮਾਲ-ਐਡਵੋਕੇਟ ਘੁੰਮਣ

## ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਰੋਸ ਧਰਨੇ ਵਿੱਚ ਸ਼ਾਮਲ ਹੋਏ ਐਡਵੋਕੇਟ ਘੁੰਮਣ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੰਨੀ, ਬੋਲੀ ਤੇ ਝੂਠੀ ਸਰਕਾਰ ਦੇ ਵਾਅਦਿਆਂ ਤੋਂ ਅੱਜ ਪੰਜਾਬ ਦਾ ਹਰ ਨਾਗਰਿਕ ਦੁਖੀ ਦਿਖਾਈ ਦੇ ਰਿਹਾ ਹੈ । ਬੇਸ਼ੱਕ ਉਹ ਆਮ ਆਦਮੀ ਜਾਂ ਸਰਕਾਰੀ ਕਰਮਚਾਰੀ ਕਿਉਂ ਨਾਂ ਹੋਵੇ, ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਹਰ ਨਾਗਰਿਕ ਤੇ ਸੂਬਾ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਡੰਡੇ ਦੀ ਤਾਕਤ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੀ.ਏ.ਯੂ ਗੇਟ ਨੰ:1 ਦੇ ਬਾਹਰ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਸਮੂਲੀਅਤ ਕਰਨ ਪੁੱਜੇ ਪਰਉਪਕਾਰ ਸਿੰਘ ਘੁੰਮਣ (ਐਡਵੋਕੇਟ) ਉਮੀਦਵਾਰ ਹਲਕਾ ਪੱਛਮੀ ਉੱਪ ਚੋਣ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ। ਉਨ੍ਹਾਂ ਕਿਹਾ ਕਿ ਝੂਠੇ ਲਾਰਿਆਂ ਤੇ ਅੰਨ੍ਹੀ, ਬੋਲੀ ਗੂੰਗੀ ਸਰਕਾਰ ਨੇ ਸਰਕਾਰ ਬਨਾਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਦਿਨ੍ਹੀ ਪੀ.ਏ.ਯੂ. ਦੇ ਹੀ ਇੱਕ ਕਰਮਚਾਰੀ ਨੂੰ ਸਸਪੈਂਡ ਕਰਨ ਤੋਂ ਬਾਅਦ ਉੱਥੋਂ ਦੀ ਪੀ.ਏ.ਯੂ. ਕਰਮਚਾਰੀ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕਰਨ ਦਾ


ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਰੋਸ਼ ਧਰਨ ਵਿੱਚ ਸਾਮਲ ਪ੍ਰਉਪਕਾਰ ਸਿੰਘ ਘੁੰਮਣ (ਐਡਵੋਕੇਟ) ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ

ਪ੍ਰੋਗਰਾਮ ਉਲੀਕਿਆਂ ਤਾਂ ਪੁਲਿਸ ਅਤੇ ਪ੍ਰਸਾਸ਼ਨ ਨੇ ਆਪਣੇ ਬਲ ਦਾ ਪ੍ਰਯੋਗ ਕਰਦੇ ਹੋਏ ਕਰਮਚਾਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਅ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਮੈਂਬਰ ਦਾ ਕਹਿਣਾ ਹੈ ਕਿ ਇਸ ਜਗ੍ਹਾ ਤੇ ਕਰੀਬ ਇੱਕ ਹਜ਼ਾਰ ਅਧਿਆਪਕਾਂ ਦਾ ਇਕੱਠ ਹੋਣਾ ਲਾਜ਼ਮੀ ਸੀ ਪਰ ਪੁਲਿਸ ਅਤੇ ਪ੍ਰਸ਼ਾਸ਼ਨ ਦੀ ਦਖਲਅੰਦਾਜ਼ੀ ਅਤੇ ਧੱਕੇਸ਼ਾਹੀ ਕਾਰਨ ਕਮੇਟੀ ਮੈਂਬਰਾਂ ਦੇ ਪਹੁੰਚਣ ਵਿੱਚ ਦੇਰੀ ਹੋ ਰਹੀ ਹੈ। ਘੁੰਮਣ ਨੇ ਕਿਹਾ ਕਿ ਸੂਬੇ ਅੰਦਰ ਬਾਹਰੀ ਰਾਜਾਂ ਦੇ ਲੋਕਾਂ ਦੀ ਦਖਲਅੰਦਾਜ਼ੀ ਪੰਜਾਬ ਦੇ ਲੋਕ ਕਦੇਂ ਸਹਿਣ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚੋਂ ਨਕਾਰੇ ਲੋਕ ਅੱਜ ਭਗਵੰਤ ਮਾਨ ਦੀ ਛਤਰ-ਛਾਇਆ ਹੇਠ ਪੰਜਾਬ ਵਿੱਚ ਘੁਸਪੈਠ ਕਰਕੇ ਪੰਜਾਬ ਦੀ ਰਾਜਨੀਤੀ ਵਿੱਚ ਦਖਲ ਅੰਦਾਜੀ ਕਰ ਰਹੇ ਹਨ। ਘੁੰਮਣ ਨੇ ਪੂਰੇ ਡਾਟੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਮਾਨਸੇ ਵਿੱਚ ਅੱਠ ਸਬ-ਇੰਸਪੈਕਟਰਾਂ ਦੀ ਹੋਈ ਭਰਤੀ ਵਿੱਚੋਂ ਸੱਤ ਹਰਿਆਣਾ ਤੇ ਪੰਜਾਬ ਵਿੱਚੋਂ ਇੱਕ ਦੀ ਭਰਤੀ ਹੋਈ ਸੀ। ਇਹ ਪੰਜਾਬ ਸਰਕਾਰ ਲਈ ਬੜੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਦੀ ਪੁਲਿਸ ਹੋਵੇ ਤੇ ਭਰਤੀ ਬਹਰੋਂ ਹੁੰਦੀ ਹੋਵੇ। ਉਨ੍ਹਾਂ ਕਿਹਾ ਕਿ ਇਹ ਸਚਾਈ ਹੈ ਜੇ ਅਸੀਂ ਸੁਣਨ ਵਾਸਤੇ ਬੈਠੇ ਹਾਂ। ਘੁੰਮਣ ਨੇ ਕਿਹਾ ਕਿ ਜੇਕਰ ਹਲਕਾ ਪੱਛਮੀ ਦੇ ਲੋਕਾਂ ਵੱਲੋਂ ਉੱਪ ਚੋਣ ਵਿੱਚ ਉਨ੍ਹਾਂ ਦੇ ਹੱਕ ਵਿੱਚ ਫਤਵਾ ਦਿੱਤਾ ਗਿਆ ਤਾਂ ਇਹ ਆਵਾਜ਼ ਲੋਕਾਂ ਦੇ ਹੱਕਾਂ ਲਈ ਵਿਧਾਨ ਸਭਾ ਵਿੱਚ ਕਾਨੂੰਨ ਨੂੰ ਅੱਗੇ ਰੱਖਦੇ ਹੋਏ ਹਮੇਸ਼ਾਂ ਗੂੰਜਦੀ ਰਹੇਗੀ। ਇਸ ਮੌਕੇ ਧਰਨਾਕਾਰੀਆਂ ਵੱਲੋਂ ਛੇਵੇਂ ਪੇ-ਕਮਿਸ਼ਨ ਅਤੇ ਸੀਐਸਆਰ ਦੇ ਲਾਭਾਂ ਸਮੇਤ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਸੀ।

# ਮਾਨਸਾ ਵਿਖੇ ਸਾਂਝੇ ਤੌਰ 'ਤੇ ਮਨਾਇਆ ਗਿਆ ਕੌਮਾਂਤਰੀ ਮਜ਼ਦੂਰ ਦਿਵਸ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਮਾਨਸਾ ਵਿਖੇ ਸਮੂਹ ਟਰੇਡ ਯੂਨੀਅਨਾਂ, ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਕਿਸਾਨ ਦੁਕਾਨਦਾਰ ਤੇ ਮੁਲਾਜ਼ਮ ਸੰਘਰਸ਼ ਕਮੇਟੀ ਮਾਨਸਾ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਨੂੰ - ਲਾਲ ਸਲਾਮ, ਫਾਸ਼ੀਵਾਦੀ ਮੋਦੀ ਸਰਕਾਰ - ਮੁਰਦਾਬਾਦ ਅਤੇ ਧਰਮਾਂ ਦੀ ਆੜ ਵਿੱਚ ਮਨੁੱਖਤਾ ਦਾ ਕਤਲੇਆਮ - ਬੰਦ ਕਰੋ ਦੇ ਨਾਹਰਿਆਂ ਤਹਿਤ ਸਾਂਝੇ ਤੌਰ 'ਤੇ ਕੌਮਾਂਤਰੀ ਮਈ ਦਿਹਾੜਾ ਮਨਾਇਆ ਗਿਆ।






ਇਸ ਮੌਕੇ ਵੱਖ ਵੱਖ ਜਥੇਬੰਦੀਆਂ ਵੱਲੋਂ ਕਾਮ-ਰੇਡ ਰਾਜਵਿੰਦਰ ਰਾਣਾ, ਕ੍ਰਿਸ਼ਨ ਚੌਹਾਨ, ਡਾਕਟਰ ਧੰਨਾ ਮੱਲ ਗੋਇਲ, ਸੁਖਦਰਸ਼ਨ ਸਿੰਘ ਨੱਤ, ਨਿਰਮਲ ਸਿੰਘ ਝੰਡੂਕੇ, ਜਸਬੀਰ ਕੌਰ ਨੱਤ, ਸਤਪਾਲ ਭੈਣੀਬਾਘਾ, ਰਵੀ ਖਾਨ, ਸੁਖਜੀਤ ਸਿੰਘ ਰਾਮਾਨੰਦੀ, ਅਮਰੀਕ ਸਿੰਘ ਫਫੜੇ, ਰਤਨ ਭੋਲਾ, ਸਿਕੰਦਰ ਸਿੰਘ ਘਰਾਂਗਣਾਂ, ਆਤਮਾ ਸਿੰਘ ਪਮਾਰ, ਗਗਨਦੀਪ ਸਿਰਸੀਵਾਲਾ, ਪਰਵਿੰਦਰ ਸਿੰਘ ਝੋਟਾ, ਰਾਜ ਸਿੰਘ ਅਕਲੀਆ ਅਤੇ ਲੱਖਾ ਸਿੰਘ ਸਹਾਰਨਾ ਨੇ ਇਕੱਠ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਵਲੋਂ ਕਿਰਤ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ, ਉਸੇ ਉਜਰਤ ਉਤੇ ਕੰਮ ਦੀ ਘੰਟੇ ਵਧਾਉਣ ਵਰਗੇ ਮਜ਼ਦੂਰ ਮਾਰੂ ਕਦਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ। ਪਹਿਲਗਾਮ ਵਿੱਚ ਸੈਲਾਨੀਆਂ ਦੇ ਘਿਨਾਉਣੇ ਕਤਲ ਕਾਂਡ ਵਿੱਚ ਗੰਭੀਰ ਸੁਰਖਿਆ ਖਾਮੀਆਂ ਲਈ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਲੈਫਟੀਨੈਂਟ ਗਵਰਨਰ ਵਲੋਂ ਅਹੁਦਿਆਂ ਤੋਂ ਅਸਤੀਫੇ ਦੇਣ ਦੀ ਬਜਾਏ ਉਲਟਾ ਦੇਸ਼ ਨੂੰ ਪਾਕਿਸਤਾਨ ਨਾਲ ਇਕ ਬੇਲੋੜੀ ਤੇ ਤਬਾਹਕੁੰਨ ਜੰਗ ਵਿੱਚ ਝੋਕਿਆ ਜਾ ਰਿਹਾ ਹੈ, ਜਿਸ ਦਾ ਅਸੀਂ ਸਖ਼ਤ ਵਿਰੋਧ ਕਰਦੇ ਹਾਂ। ਇੱਕਠ ਵਲੋਂ ਪਾਸ ਕੀਤੇ ਮਤਿਆਂ ਵਿੱਚ ਮਜ਼ਦੂਰਾਂ ਕਿਸਾਨਾਂ ਤੇ ਹੋਰ ਮਿਹਨਤਕਸ਼ ਤਬਕਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤੇ 20 ਮਈ ਦੀ ਦੇਸ਼ ਵਿਆਪੀ ਆਮ ਹੜਤਾਲ ਨੂੰ ਪੂਰੀ ਤਰ੍ਹਾਂ ਸਫ਼ਲ ਬਣਾਉਣ। ਦੂਜੇ ਮਤੇ ਵਿੱਚ ਕਿਹਾ ਗਿਆ ਹੈ ਕਿ ਜਿਥੇ ਕਸ਼ਮੀਰੀ ਲੋਕਾਂ ਵਲੋਂ ਪਹਿਲਗਾਮ ਕਾਂਡ ਖ਼ਿਲਾਫ ਵਿਆਪਕ ਤੇ ਡੱਟਵਾਂ ਵਿਰੋਧ ਪ੍ਰਗਟ ਕੀਤਾ, ਉਥੇ ਬੀਜੇਪੀ ਦੇ ਫਿਰਕੂ ਗੁੰਡਾ ਗਿਰੋਹਾਂ ਨੇ ਇਸ ਕਾਂਡ ਦੀ ਆੜ ਵਿੱਚ ਪੰਜਾਬ ਸਮੇਤ ਦੇਸ਼ ਭਰ ਵਿੱਚ ਮੁਸਲਿਮ ਭਾਈਚਾਰੇ ਖ਼ਿਲਾਫ਼ ਜੋ ਨਫ਼ਰਤੀ ਪ੍ਰਚਾਰ ਤੇ ਹਮਲੇ ਕੀਤੇ ਜਾ ਰਹੇ ਹਨ, ਅਸੀਂ ਉਨ੍ਹਾਂ ਦਾ ਡੱਟ ਕੇ ਵਿਰੋਧ ਕਰਦੇ ਹਾਂ।

# ਹਰ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਪੰਜਾਬ ਸਰਕਾਰ ਦਾ ਉਦੇਸ਼: ਜੈ ਕ੍ਰਿਸ਼ਨ ਸਿੰਘ ਰੌੜੀ

**ਹੁਸ਼ਿਆਰਪੁਰ।** ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ 6 ਸਕੂਲਾਂ ਵਿੱਚ 77.71 ਲੱਖ ਰੁਪਏ ਦੀ ਲਾਗਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਇਨਕਲਾਬੀ ਬਦਲਾਅ ਲਿਆ ਰਹੀ ਹੈ। ਡਿਪਟੀ ਸਪੀਕਰ ਨੇ ਸਰਕਾਰੀ ਐਲੀਮੈਂਟਰੀ ਸਕੂਲ ਖਾਨਪੁਰ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਐਲੀਮੈਂਟਰੀ ਸਕੂਲ ਸਾਧੋਵਾਲ ਵਿਖੇ ਨਵੇਂ ਕਲਾਸਰੂਮਾਂ ਅਤੇ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਬਡੇਸਰੋ ਵਿੱਚ ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੇ) ਵਿੱਚ ਨਵੇਂ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ (ਲੜਕੀਆਂ) ਵਿੱਚ ਨਵੇਂ ਕਲਾਸਰੂਮ, ਚਾਰਦੀਵਾਰੀ ਅਤੇ ਹੋਰ ਵਿਕਾਸ ਕਾਰਜਾਂ ਅਤੇ ਸਰਕਾਰੀ



ਹਾਈ ਸਕੂਲ ਬਸਿਆਲਾ ਵਿੱਚ ਨਵੇਂ ਕਲਾਸਰੂਮ ਅਤੇ ਚਾਰਦੀਵਾਰੀ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਕਿਹਾ ਕਿ ਇਹ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਾਹੌਲ ਪ੍ਰਦਾਨ ਕਰਨਗੇ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਪ੍ਰਦਾਨ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰੇਕ ਬੱਚੇ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਕ੍ਰਾਂਤੀ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰੇਗੀ ਸਗੋਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਵੀ ਮਦਦ ਕਰੇਗੀ।

# ਰਿਕਾਰਡ ਬਣਾ ਰਹੇ ਪੰਜਾਬੀ

( ਇੱਕ ਖ਼ਬਰ )

ਕਹਿੰਦੇ ਸਨ ਕਿ ਦੁੱਧ ਘਿਓ ਲੱਸੀ
ਦੇ ਨਾਲ਼ ਜੀਣ ਪੰਜਾਬੀ ।
ਪਰ ਹੁੰਦੇ ਹੁੰਦੇ ਆਖ਼ਰ ਹੋ ਗਏ ,
ਸਾਹ ਸਤ ਹੀਣ ਪੰਜਾਬੀ ।
ਦੇਸੀ ਅੰਗਰੇਜ਼ੀ ਤੇ ਬੀਅਰ ,
ਚੌਥੀ ਲਾ ਕੇ ਰੂੜੀ ਮਾਰਕਾ ।
ਸਵਾ ਕ ਲੱਖ ਕਰੋੜ ਦੀ ਦਾਰੂ ,
ਸਾਲ 'ਚ ਪੀਣ ਪੰਜਾਬੀ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

# ਮਜ਼ਦੂਰ

ਦੁਨੀਆ ਵਿੱਚ
ਸਭ ਤੋਂ ਵੱਡੀ ਲੁੱਟ
ਕਿਰਤ ਦੀ ਲੁੱਟ ਹੈ

ਇਹ ਲੁੱਟ ਸਦੀਆਂ ਤੋਂ
ਬਦਸਤੂਰ ਜਾਰੀ ਹੈ

ਬਦਲ ਗਏ ਨੇ
ਲੁਟੇਰਿਆਂ ਦੇ ਚਿਹਰੇ
ਪਹਿਲਾਂ ਰਾਜੇ ਸੀ

ਹੁਣ ਪੂੰਜੀਵਾਦੀ ਨੇ
ਉਦਯੋਗਪਤੀ ਨੇ
ਸਾਡੀਆ ਚੁਣੀਆ
ਸਰਕਾਰਾਂ ਨੇ

ਬਹੁਤ ਕੁਝ ਬਦਲਿਆ
ਸਮੇਂ ਦੇ ਨਾਲ
ਲੁਟੇਰਿਆਂ ਦੇ ਰੂਪ ਬਦਲੇ
ਲੁੱਟਣ ਦੇ ਢੰਗ ਬਦਲੇ

ਪਰ ਨਹੀਂ ਬਦਲੇ
ਬੇਬਸ, ਲਾਚਾਰ
ਤੇ ਗਰੀਬ ਵਰਗ

ਲੁੱਟਣਾ ਜ਼ਾਰੀ ਹੈ
ਅਨੇਕਾਂ ਕਾਨੂੰਨ,
ਲੇਬਰ ਕੋਰਟ ਤੇ
ਜਥੇਬੰਦੀਆਂ ਦੇ
ਹੁੰਦਿਆਂ ਵੀ

ਇੰਤਜ਼ਾਰ ਹੈ
ਉਸ ਦਿਨ ਦਾ
ਜਦੋਂ ਖੋਹ ਲੈਣਗੇ
ਮਜ਼ਦੂਰ ਆਪਣੇ
ਹੱਕ!!



**ਹਰਪ੍ਰੀਤ ਕੌਰ ਸੰਧੂ**

# " ਪਹਿਲਗਾਮ "

ਬੜੀ ਤੂੰ ਠਾਹ-ਠੂਹ ਕਰਦੈਅ ਮੀਆਂ,
ਅੱਲ੍ਹਾ ਤੋਂ ਨਹੀਂ ਡਰਦੈਅ ਮੀਆਂ,
ਨਿਹੱਥਿਆ ਤੇ ਚਲਾਈ ਗੋਲੀ,
ਅੰਦਰੋਂ ਉਂਝ ਤੇ ਡਰਦੈ ਮੀਆਂ,
ਮਜ਼੍ਹਬਾਂ ਵਾਲੀ ਫੈਆਏ ਕੁੜੱਤਣ,
ਕੰਮ ਪਿਆ ਕੈਸਾ, ਕਰਦੈ ਮੀਆਂ,
ਮਜ਼ਲੂਮਾਂ ਤੇ ਕਹਿਰ ਕਮਾਕੇ,
ਕਿਉਂ ਤੂੰ ਕਾਫ਼ਰ ਬਣਦੈ ਮੀਆਂ,
ਭੇਸ਼ ਵਟਾ ਕੇ, ਮਾਰੇ ਬੰਦੇ,
ਉਂਝ ਕਿਉਂ, ਦਮ ਨਾ ਭਰਦੈਅ ਮੀਆਂ,
ਅਸਲੇ ਸਿਰ ਤੇ, ਕਰੇਂ ਬਦਮਾਸ਼ੀ,
ਉਂਝ ਨਾ ਅੱਗੇ, ਖੜਦੈਅ ਮੀਆਂ,
ਆ ਜੰਨਤ ਜੁਨਤ, ਕੁਝ ਨਹੀਂ ਮਿਲਣੀ,
ਜਿਸਦੇ ਪਿੱਛੇ , ਲੜਦੈਅ ਮੀਆਂ,
ਚੋਰਾਂ ਵਾਂਗੂੰ ਕਾਹਤੋਂ, ਭੱਜੇ,
ਖੜ੍ਹ ਫਿਰ, ਜੇ ਤੂੰ,ਖੜ੍ਹਦੈਅ ਮੀਆਂ,
ਮਾਨਵਤਾ ਦੀ ਦੁਸ਼ਮਣ ਹੈ ਓ,
ਜਿਸਦੀ ਖਾਤਰ,ਲੜਦੈਅ ਮੀਆਂ,
ਮਜ਼ਲੂਮਾਂ ਤੇ ਕਹਿਰ ਕਮਾਵੇਂ,
ਕੰਮ ਇਹ ਕੈਸੇ ਕਰਦੈਅ ਮੀਆਂ,
ਦੋ ਮੁਲਕਾਂ ਵਿੱਚ ਵਧੇ ਕੁੜੱਤਣ,
ਵਿੱਚੇ ਤੂੰ ਵੀ, ਮਰਦੈਅ ਮੀਆਂ,
ਓਸ ਖੁਦਾ ਦੇ ਬੰਦੇ ਸਾਰੇ,
ਓਸ ਤੋਂ ਕਿਉਂ ਨਾ, ਡਰਦੈਅ ਮੀਆਂ,
ਇੱਥੋਂ ਕੁਝ ਵੀ, ਨਾਲ਼ ਨਹੀਂ ਜਾਣਾ,
ਜੋ ਕੁਝ ਇਕੱਠਾ,ਕਰਦੈਅ ਮੀਆਂ,
ਹਥਿਆਰਾਂ ਨੂੰ, ਵਰਤਣ ਵਾਲਾ,
ਅੰਤ ਇਹਨਾਂ ਨਾਲ,ਮਰਦੈਅ ਮੀਆਂ,
ਧਰਮ ਦੇ ਨਾਮ ਤੇ, ਜੋ ਤੂੰ ਕਰਦੈਅ,
ਅੱਲ੍ਹਾ ਇੰਝ ਨਾ ਕਰਦੈਅ ਮੀਆਂ,
ਪਹਿਲਗਾਮ ਵਿੱਚ ਜੋ ਤੂੰ ਕੀਤਾ,
ਕਾਫ਼ਰ ਇੱਦਾ ਕਰਦੈਅ ਮੀਆਂ,
ਸੰਦੀਪ ਕੁੜੱਤਣ ਮਜ਼੍ਹਬੀ ਰੋਕੋ,
ਇਸ ਤੋਂ ਰੱਬ ਵੀ, ਡਰਦੈਅ ਮੀਆਂ,



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:- 9815321017**

# ਮੇਰਾ ਦਿਨ

ਰੋਜ਼ ਸਵੇਰੇ ਜਾਗਦਾ ਹਾਂ।
ਸੰਸਾਰ ਜੀਵਨ ਲਈ ਜ਼ਿੰਮੇਵਾਰੀ ਲੈ ਕੇ ਤੁਰ ਜਾਂਦਾ ਹਾਂ!
ਮੈਂ ਸਭ ਦਾ ਸਨਮਾਨ ਕਰਦਾ ਹਾਂ।
ਪਿਆਰ ਵਾਲੇ ਤਾਂ ਮਿਲਦੇ ਹੀ ਆ।
ਝਗੜੇ ਵਾਲੇ ਦੋਸਤਾਂ ਦੀ ਬਾਂਹ ਵੀ ਫੜਦਾ ਹਾਂ!
ਮਜ਼ਦੂਰ ਦਿਵਸ, ਇੱਕ ਡੂੰਘਾ ਕੈਨਵਸ,
ਸਾਡੇ ਸੁਪਨਿਆਂ ਲਈ ਇੱਕ ਦਿਨ ਜੋ ਅਸੀਂ ਰੱਖਦੇ ਹਾਂ।
ਹਰ ਰਾਹ, ਹਰ ਪੱਥਰ ਵਿੱਚ ਖੁਸ਼ੀਆਂ ਅਸੀਂ ਵਿਛਾਉਂਦੇ ਹਾਂ,
ਖੂਨ ਪਸੀਨੇ ਦੀ ਹਰ ਬੂੰਦ ਵਹਾ ਕੇ
ਫਿਰ ਤਨਖਾਹ ਕਮਾਉਂਦੇ ਹਾਂ!
ਇਹ ਦਿਨ ਤਾਂ ਹੈ ਸਾਡਾ ਸਭ ਦਾ ਸਾਂਝਾ,
ਤਾਂਹੀ ਸਲਾਮ ਦੇ ਹੱਕਦਾਰ ਹਾਂ!
ਧੁੱਪ ਅਤੇ ਮੀਂਹ ਦੇ ਵਿੱਚ ਸਭ ਕੁੱਝ ਭੁੱਲ ਕੇ
ਕੰਮ ਲਈ ਅਸੀਂ ਤੁਰਦੇ ਹਾਂ,
ਮਜ਼ਦੂਰ ਦਿਵਸ ਤੇ ਖੁਸ਼ੀਆਂ ਮੰਗੀਏ
ਕਿਸੇ ਅੱਗੇ ਨਾ ਝੁਕਦੇ ਹਾਂ।
ਸਾਨੂੰ ਸਾਡਾ ਬਣਦਾ ਸਤਿਕਾਰ ਦਿਓ,
ਕਿਉਂਕਿ ਸਾਡੀ ਤਾਕਤ ਸਾਡੀ ਤਾਕਤਵਰ ਕੁਮਾਨ ਹੈ।
ਮਜ਼ਦੂਰ ਦਿਵਸ 'ਤੇ, ਅਸੀਂ ਪ੍ਰਸ਼ੰਸਾ ਦੇ ਹੱਕਦਾਰ ਹਾਂ!
ਸਾਨੂੰ ਸਾਡਾ ਬਣਦਾ ਸਤਿਕਾਰ, ਪਿਆਰ ਤੇ ਅਧਿਕਾਰ ਦਿਓ!



**ਅਮਨ ਢਿੱਲੋਂ ਕਸੇਲ**
**ਬਾਬਾ ਬਕਾਲਾ ਸਾਹਿਬ**




# ਮਹਾਤਮਾ ਜੋਤੀਵਾ ਫੂਲੇ ਅਤੇ ਸਵਿੱਤਰੀ ਬਾਈ ਫੂਲੇ ਜੀ ਦੇ ਜੀਵਨ ਦੇ ਆਧਾਰ ਉਤੇ ਫਿਲਮ ਫੂਲੇ ਵੱਧ ਤੋਂ ਵੱਧ ਗਿਣਤੀ ਵਿੱਚ ਦੇਖੋ : ਡਾ ਨੱਛਤਰ ਪਾਲ ਐਮ ਐਲ ਏ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਜਿਨਾਂ ਦੀ ਬਦੌਲਤ ਅਤੇ ਉਹਨਾ ਦੀ ਅਗਵਾਈ ਹੇਠ ਸਤਲੁਜ ਸਿਨਮਾ ਨਵਾਂ ਸ਼ਹਿਰ ਵਿਖੇ ਲੋਕਾਂ ਦੀ ਡਿਮਾਂਡ ਨੂੰ ਮੁੱਖ ਰੱਖਦੇ ਹੋਏ ਫੂਲੇ ਫਿਲਮ ਮਗਬ-ਾਕੇ ਲਗਬਾਈ ਗਈ ਇਸ ਫਿਲਮ ਵਿਚ 19ਵੀਂ ਸਦੀ ਦੇ ਮਹਾਨ ਨਾਇਕ ਦਲਿਤਾਂ ਦੇ ਮਸੀਹਾ ਸਾਡੇ ਰਹਿਬਰ ਮਹਾਤਮਾ ਜੋਤੀ ਵਾ ਰਾਓ ਫੂਲੇ ਜੀ ਅਤੇ ਸਵਿਤਰੀ ਬਾਈ ਫੂਲੇ ਜੀ ਦੇ ਜੀਵਨੀ ਉੱਤੇ ਫਿਲਮਾਈ ਗਈ ਇਹ ਫਿਲਮ ਜਿਸ ਵਿੱਚ ਬਹੁਜਨ ਸਮਾਜ ਨੂੰ ਜਾਗਰੁਕ ਕਰਨਾ,ਸੂਆ ਸ਼ਾਤ ਨੂੰ ਖਤਮ ਕਰਨਾ ਅਤੇ ਮੇਨ ਫੋਕਸ ਧੀਆਂ ਨੂੰ ਭੜਾਉਣ ਵਾਰੇ ਕੀਤਾ ਗਿਆ ਹੈ ਉਸ ਸਮੇਂ ਦੇ ਹਾਕਮਾਂ ਨਾਲ ਸਿਧੀ ਟਕਰ ਅਤੇ ਪਖੰਡ ਵਾਦ ਨੂੰ ਖਤਮ ਕਰਨੇ ਦੀ ਗਲ ਕਹੀ ਗਈ ਹੈ ਇਸ ਫਿਲਮ ਵਿਚ ਮਹਾਨ ਨਾਇਕ ਮਹਾਤਮਾ ਜੋਤੀ ਵਾ ਰਾਓ ਫੂਲੇ ਜੀ ਦੇ ਪਹਿਲੇ ਸ਼ਿਸ਼ ਉਹਨਾ ਦੀ ਧਰਮ ਪਤਨੀ ਸਵਿਤਰੀ ਬਾਈ ਫੂਲੇ ਜੀ ਹੋਏ ਹਨ ਜੋ ਕਿ ਉਸ ਸਮੇਂ ਇਕ ਔਰਤ ਹੋਣ ਦੇ ਬਾਵਜੂਦ ਦੇਸ਼ ਦੇ ਪਹਿਲੇ ਸ਼ਿਕਸ਼ਕ ਬਣੇ ਉਹਨਾ ਨੇ ਆਪਣੇ ਸਾਥੀ ਫਾਤੀਮਾਂ ਸ਼ੇਖ, ਉਸਮਾਨ ਸ਼ੇਖ,ਤਾਤੀਆਂ ਭੀੜੇ,ਬਿਸ਼ਨੂੰ ਪੰਥ,ਜੀ ਦੇ ਨਾਲ ਮਿਲਕੇ ਇਕ ਕ੍ਰਾਂਤੀ ਭਰਿਆ ਅੰਦੋਲਨ ਛੇੜਿਆ ਜਿਸ ਵਿੱਚ ਉਹ ਕਾਮਯਾਬ ਵੀ ਹੋਏ ਜਿਹਨਾ ਦੀ ਮਹਾਨਤਾਂ ਨੂੰ ਜੁਗਾਂ ਜੁਗਾਂ ਤੱਕ ਯਾਦ ਰੱਖਿਆ ਜਾਵੇਗਾ,ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਦੀ ਅਗਵਾਈ ਹੇਠ ਚੱਲ ਰਹੀ ਇਸ ਫਿਲਮ ਵਿੱਚ ਲਗਾਤਾਰ ਦੇ ਸ਼ੋਅ ਦੌਰਾਨ ਸੈਂਕੜੇ ਹੀ ਲੋਕਾਂ ਨੇ ਇਸ ਫਿਲਮ ਨੂੰ ਦੇਖ ਲਿਆ ਹੈ।




# ਪੰਜਾਬ ਸਰਕਾਰ ਆਰ.ਟੀ.ਈ. ਐਕਟ ਪ੍ਰਤੀ ਬਿਲਕੁਲ ਗੰਭੀਰ ਨਹੀਂ : ਢੋਸੀਵਾਲ

## ਐਕਟ ਨੂੰ ਕਤਲ ਕਰਨਾ ਚਾਹੁੰਦੀ

**ਸ੍ਰੀ ਮੁਕਤਸਰ ਸਾਹਿਬ।** ਦੇਸ਼ ਅੰਦਰ ਐਲੀਮੈਂਟਰੀ ਪੱਧਰ ਤੱਕ ਸਾਰੇ ਵਰਗਾਂ ਦੇ ਵਿਦਿਆਰਥੀਆਂ ਨੂੰ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦੇਣ ਦੇ ਮੰਤਵ ਲਈ ਸਿੱਖਿਆ ਦਾ ਅਧਿਕਾਰ ਐਕਟ 2009 (ਆਰ.ਟੀ.ਈ. ਐਕਟ) ਲਾਗੂ ਕੀਤਾ ਗਿਆ ਸੀ। ਸਾਰੇ ਸਕੂਲਾਂ ਲਈ ਨਿਰਧਾਰਤ ਸ਼ਰਤਾਂ ਦੀ ਪਾਲਣਾ ਦੇ ਨਾਲ-ਨਾਲ ਅਣਏਡਿਡ ਪ੍ਰਾਈਵੇਟ ਸਕੂਲਾਂ ਲਈ 25% ਸੀਟਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਬੱਚਿਆਂ ਲਈ ਰਾਖਵੀਆਂ ਰੱਖੀਆਂ ਸਨ। ਆਰ.ਟੀ.ਈ. ਐਕਟ ਅਧੀਨ ਸ਼ਰਤਾਂ ਨਾ ਪੂਰੀਆਂ ਕਰਨ ਵਾਲੇ ਸਕੂਲਾਂ ਦੀ ਮਾਨਤਾ ਰੱਦ ਕਰਨ, ਇੱਕ ਲੱਖ ਰੁਪਏ ਤੱਕ ਦਾ ਜੁਰਮਾਨਾ ਕਰਨ ਅਤੇ ਰੋਜ਼ਾਨਾ ਦਸ ਹਜ਼ਾਰ ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਉਸ ਵੇਲੇ ਦੀ ਪੰਜਾਬ ਸਰਕਾਰ ਨੇ 25% ਰਾਖਵੀਆਂ ਸੀਟਾਂ ਲਈ ਨੇੜਲੇ ਸਰਕਾਰੀ ਸਕੂਲ ਤੋਂ ਨੋ ਅਬਜੈਕਸ਼ਨ ਸਰਟੀਫਿਕੇਟ ਲੈਣਾ ਲਾਜ਼ਮੀ ਕਰ ਦਿੱਤਾ ਸੀ। ਪਰੰਤੂ ਪਿਛਲੇ ਦਿਨੀਂ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਉਕਤ ਸ਼ਰਤ ਹਟਾ ਕੇ ਚਾਲੂ ਸਾਲ ਲਈ ਇਹ ਰਾਖਵਾਂਕਰਨ



ਯਕੀਨੀ ਬਣਾਏ ਜਾਣ ਦੀ ਹਿਦਾਇਤ ਕੀਤੀ ਸੀ। ਇਸ ਸਬੰਧੀ ਪੰਜਾਬ ਸਰਕਾਰ ਨੇ ਬਕਾਇਦਾ ਚਿੱਠੀ ਵੀ ਜਾਰੀ ਕੀਤੀ ਸੀ। ਪਰੰਤੂ ਜ਼ਿਆਦਾਤਰ ਸਕੂਲਾਂ ਵਿੱਚ ਮਾਨਯੋਗ ਹਾਈਕੋਰਟ ਤੇ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ। ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਸਕੂਲਾਂ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਨੂੰ ਰਾਖਵੇਂਕਰਨ ਅਨੁਸਾਰ ਦਾਖਲਾ ਨਾ ਦਿਤੇ ਜਾਣ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਹਨਾਂ ਨੇ ਅੱਗੇ ਕਿਹਾ ਹੈ ਕਿ ਇਸ ਲਾਪ੍ਰਵਾਹੀ ਵਿਚ ਪੰਜਾਬ ਸਰਕਾਰ ਦੇ ਕੁਝ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀਭੁਗਤ ਦੀ ਝਲਕ ਵੀ ਪੈਂਦੀ ਹੈ ਅਤੇ ਉਹ ਆਰ.ਟੀ.ਈ. ਐਕਟ ਨੂੰ ਕਤਲ ਕਰਨ 'ਤੇ ਤੁਲੇ ਜਾਪਦੇ ਹਨ। ਢੋਸੀਵਾਲ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਅਤੇ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਸਕੂਲਾਂ ਵਿਰੁੱਧ ਪੰਦਰਾਂ ਦਿਨਾਂ ਦੇ ਅੰਦਰ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ। ਢੋਸੀਵਾਲ ਨੇ ਰਾਜ ਦੇ ਸਮੂਹ ਸਬੰਧਤ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਕ ਹਫ਼ਤੇ ਦੇ ਅੰਦਰ ਆਰ.ਟੀ.ਈ. ਐਕਟ ਦੀ ਪਾਲਣਾ ਨਾ ਕਰਨ ਵਾਲੇ ਸਕੂਲਾਂ ਵਿਰੁੱਧ ਕਾਰਵਾਈ ਕਰਨ ਲਈ ਸਿਫਾਰਸ਼ੀ ਪੱਤਰ ਸਰਕਾਰ ਨੂੰ ਭੇਜਣ ਤਾਂ ਜੋ ਸਰਕਾਰ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇ ।

# ਫੋਰਟਿਸ ਵਲੋਂ ਕਰਨ ਹਸਪਤਾਲ ਬੰਗਾ 'ਚ ਮੁਫ਼ਤ ਮੈਡੀਕਲ ਕੈਂਪ 4 ਨੂੰ

**ਬੰਗਾ ( ਚਰਨਜੀਤ ਸੱਲ੍ਹਾ )** ਫੋਰਟਿਸ ਹਸਪਤਾਲ ਲੁਧਿਆਣਾ ਵਲੋਂ ਕਰਨ ਹਸਪਤਾਲ ਬੰਗਾ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ 4 ਮਈ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਜਾਰੀ ਰਹੇਗਾ। ਇਸ ਕੈਂਪ ਸਬੰਧੀ ਕਰਨ ਹਸਪਤਾਲ ਬੰਗਾ ਵਿਖੇ ਲੋੜੀਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਹਸਪਤਾਲ ਦੇ ਪ੍ਰਬੰਧਕ ਡਾ. ਬਖਸ਼ੀਸ਼ ਸਿੰਘ ਨੇ ਦੱਸਿਆ ਕਿ



**ਡਾ. ਬਖਸ਼ੀਸ਼ ਸਿੰਘ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ।**

ਇਸ ਕੈਂਪ ਦੌਰਾਨ ਮਾਹਿਰ ਮੈਡੀਕਲ ਟੀਮਾਂ ਕੰਨ, ਨੱਕ, ਗਲੇ, ਜਨਰਲ ਮੈਡੀਸਨ, ਛਾਤੀ, ਟੀ. ਬੀ. ਦੇ ਰੋਗਾਂ, ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦੀ ਜਾਚ ਕਰਨਗੀਆਂ। ਇਹਨਾਂ ਵਿੱਚ ਡਾ. ਕਰਨ ਬਖਸ਼ੀਸ਼ ਸਿੰਘ, ਡਾ. ਕੋਸ਼ੀਸ਼ ਦੱਤਾ, ਡਾ. ਸਾਹਿਲ ਅਬਰੋਲ ਵੱਖ ਵੱਖ ਬਿਮਾਰੀਆਂ ਸਬੰਧੀ ਜਾਚ ਕਰਨਗੇ। ਪ੍ਰਬੰਧਕਾਂ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਕੈਂਪ ਦੌਰਾਨ ਬਲੱਡ ਪ੍ਰੈਸ਼ਰ, ਸ਼ੂਗਰ, ਈ. ਸੀ. ਜੀ., ਪੀ. ਐਫ. ਟੀ. ਅਤੇ ਡਾਕਟਰ ਦੀ ਸਲਾਹ ਲਈ ਕੋਈ ਫੀਸ ਨਹੀਂ ਲਈ ਜਾਵੇਗੀ।

# ਲਕਵਾ (ਮਿੰਨੀ ਕਹਾਣੀ)

ਸਵੇਰ ਦੀ ਸੈਰ ਵੇਲੇ ਅੱਗਿਓਂ ਜਿਮੀਂਦਾਰ ਭੂਰਾ ਸਿਹੁੰ ਅਧਰੰਗ ਦੇ ਦੌਰੇ ਦਾ ਸ਼ਿਕਾਰ ਹੋਣ ਤੋਂ ਬਾਅਦ ਟੇਢਾ ਜਿਹਾ ਲੰਗੜਾਉਂਦਾ ਆਉਂਦੇ ਮਿਲਿਆ । ਅਕਸਰ ਹੀ ਮਿਲਦਾ ਹੈ। ਮੈਂ ਫ਼ਤਹਿ ਬੁਲਾਈ ਤਾਂ ਉਸੇ ਵਕਤ ਕੇਸਰ ਗਰੀਬ, ਕਿਰਤੀ ,ਰਵਿਦਾਸੀਏ ਪਰਿਵਾਰ ਦਾ ਨੌਜਵਾਨ ਪੁੱਤ, ਤਕੜਾ ਜੁੱਸਾ,, ਡੌਲੇ ਭਲਵਾਨਾਂ ਜਿਹੇ, ਲੱਤਾਂ ਬਾਹਾਂ ਤੇ ਟੈਟੂ ਬਾਊਂਸਰ ਦਾ ਕੰਮ ਕਰਨ ਵਾਲਾ ਨੌਜਵਾਨ ਕੋਲੋਂ ਲੰਘਿਆ ਤਾਂ ਭੂਰਾ ਸਿਹੁੰ ਦੇ ਤੌਰ ਬਦਲ ਗਏ।ਉਹ ਹੀਣ ਜਿਹੀ ਸੋਚ ਨਾਲ ਮੁਸਕੜੀ ਹੱਸਦਾ ਤੁਤਲਾ ਕੇ ਜੋ ਸੜਿਆ ਭੁੱਜਿਆ ਜੋ ਕਹਿ ਰਿਹਾ ਸੀ, ਉਹਨਾਂ ਸ਼ਬਦਾਂ ਲਈ ਉਸ ਦੀ ਜੁਬਾਨ ਉਸ ਦਾ ਸਾਥ ਨਹੀਂ ਸੀ ਦੇ ਰਹੀ।ਉਸਦੇ ਹਾਵ ਭਾਵ ਉਸ ਕੰਮੀਆਂ ਦੇ ਪੁੱਤ ਦੇ ਗ਼ੈਰਤ ਨਾਲ ਲੰਘ ਜਾਣ ਨੂੰ ਬਰਦਾਸ਼ਿਤ ਕਰਨ ਤੋਂ ਅਸਮਰੱਥ ਸਨ। ਜਿਮੀਂਦਾਰ ਭੂਰਾ ਸਿਹੁੰ ਆਪਣੀ ਮਾੜੀ ਸੰਗਤ ਤੇ ਐਬਾਂ ਕਾਰਣ ਆਪਣੀ ਭੋਇੰ ਤੇ ਮਾਣ - ਸਤਿਕਾਰ ਸਭ ਕੁੱਝ ਵੇਚ ਵੱਟ ਖਾਲ਼ੀ ਸੀ ਪਰ ਅੰਦਰੋਂ ਉੱਚ ਜਾਤੀ ਦਾ ਘੁਮੰਡ ਉਸਦੇ ਲਕਵੇ ਤੋਂ ਵੀ ਭੈੜਾ ਸੀ। ਹੰਕਾਰ ਅਤੇ ਮੈਅ ਕਮੀਆਂ ਦੇ ਪੁੱਤ ਦੀ ਜਵਾਨੀ ਅਤੇ ਸਿਰ ਉਠਾ ਕੇ ਅੱਗਿਓ ਲੰਘ ਜਾਣਾ ਬਰਦਾਸ਼ਤ ਕਰਨ ਤੋ ਅਸਮਰੱਥ ਸਨ। ਵਗਾਰ,ਚਾਕਰ ਤੇ ਜੀ ਜੀ ਕਰਨ ਵਾਲਿਆਂ ਦੀ ਔਲਾਦ ਹਵਾ ਨਾਲ ਗੱਲਾਂ ਕਰੇ ..? ਮੈਂ ਕੀ ਜਵਾਬ ਦਿੰਦਾਂ ਠੀਕ ਹੈ ਬਾਈ ਜੀ ਕਹਿ ਮੈਂ ਵੀ ਤੁਰਦਾ ਬਣਿਆ। ਮੈਂ ਸੋਚ ਰਿਹਾ ਸੀ ਕਿ ਭੂਰਾ ਸਿਹੁੰ ਨੂੰ ਸਰੀਰ ਤੋਂ ਹੀ ਲਕਵਾ ਨਹੀਂ ਹੋਇਆ ਸਗੋਂ ਇਹਨਾਂ ਨੂੰ ਤਾਂ ਪੀੜੀ ਦਰ ਪੀੜੀ ਸੋਚ ਤੋਂ ਵੀ ਲਕਵਾ ਹੋਇਆ ਹੈ।



**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ "**
**9465129168**

# ਅੰਤਰਰਾਸ਼ਟਰੀ ਮਈ ਦਿਵਸ 'ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

- **ਕਾਰਪੋਰੇਟ ਅਤੇ ਪੂੰਜੀਵਾਦੀ ਵਿਰੋਧੀ ਸੰਘਰਸ਼ਾਂ ਵਿੱਚ ਟਰੇਡ ਯੂਨੀਅਨ ਸੰਗਠਨਾਂ ਦੀ ਅਹਿਮ ਭੂਮਿਕਾ- ਕੰਵਲਜੀਤ ਸਿੰਘ**
- **ਆਊਟਸੋਰਸਿੰਗ ਦੀ ਨੀਤੀ ਅਤੇ ਪੈਨਸ਼ਨ 'ਤੇ ਸਰਕਾਰ ਨੂੰ ਖੁੱਲ੍ਹੀ ਚੁਣੌਤੀ- ਅਮਰੀਕ ਸਿੰਘ**

**ਕਪੂਰਥਲਾ (ਕੌੜਾ )-** ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਰੇਲ ਕੋਚ ਫੈਕਟਰੀ (ਆਰਸੀਐਫ), ਕਪੂਰਥਲਾ ਵਿਖੇ ਆਰਸੀਐਫ ਇੰਪਲਾਈਜ਼ ਯੂਨੀਅਨ ਦੁਆਰਾ ਆਯੋਜਿਤ ਵਿਸ਼ਾਲ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੈਂਕੜੇ ਕਰਮਠ ਕਰਮਚਾਰੀਆਂ ਨੇ ਇਕਜੁੱਟ ਹੋ ਕੇ ਮਈ ਦਿਵਸ ਦੇ ਅਮਰ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਅਤੇ ਸਰਕਾਰ ਦੀਆਂ ਕਥਿਤ ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਝੰਡਾ ਲਹਿਰਾਉਣ ਦੀ ਮਹੱਤਵਪੂਰਨ ਰਸਮ ਨਾਲ ਹੋਈ, ਜਿਸ ਨੂੰ ਆਰਸੀਐਫ ਦੇ ਸੇਵਾਮੁਕਤ ਸੀਨੀਅਰ ਕਰਮਚਾਰੀਆਂ ਨੇ ਬਹੁਤ ਸਤਿਕਾਰ ਨਾਲ ਸੰਪੰਨ ਕੀਤਾ। ਇਸ ਤੋਂ ਬਾਅਦ, ਹਾਜ਼ਰ ਜਨਸਮੂਹ ਨੇ "ਸ਼ਿਕਾਗੋ ਦੇ ਸ਼ਹੀਦ ਅਮਰ ਰਹਿਣ" ਅਤੇ "ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ" ਦੇ ਨਾਅਰਿਆਂ ਨਾਲ ਮਜ਼ਦੂਰ ਸੰਘਰਸ਼ਾਂ ਅਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ, ਜੋ ਮਜ਼ਦੂਰ ਵਰਗ ਦੀ ਅਟੁੱਟ ਏਕਤਾ ਅਤੇ ਸੰਘਰਸ਼ ਦੇ ਅਟੁੱਟ ਸੰਕਲਪ ਦਾ ਪ੍ਰਤੀਕ ਸੀ।

ਆਰਸੀਐਫ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਅਤੇ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਰਾਸ਼ਟਰੀ ਸੰਯੁਕਤ ਸਕੱਤਰ, ਅਮਰੀਕ ਸਿੰਘ ਨੇ ਕਰਮਚਾਰੀਆਂ ਨੂੰ ਸੰਬੋਧਿਤ ਕਰਦਿਆਂ ਰੇਲ ਕੋਚ ਫੈਕਟਰੀ ਵਿੱਚ ਪਾਈਆਂ ਜਾ ਰਹੀਆਂ ਗੰਭੀਰ ਚੁਣੌਤੀਆਂ 'ਤੇ ਰੌਸ਼ਨੀ ਪਾਈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਆਰਸੀਐਫ ਪ੍ਰਸ਼ਾਸਨ ਦੁਆਰਾ ਕਾਰਖਾਨਾ ਕੰਪਲੈਕਸ ਵਿੱਚ ਤੇਜ਼ੀ ਨਾਲ ਵੱਧ ਰਹੀ ਆਊਟਸੋਰਸਿੰਗ ਦੀ ਪ੍ਰਵਿਰਤੀ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਅਤੇ ਇਸਨੂੰ ਨਿਯਮਤ ਕਰਮਚਾਰੀਆਂ ਦੇ ਅਧਿਕਾਰਾਂ ਦਾ ਸਿੱਧਾ ਉਲੰਘਣ ਦੱਸਿਆ। ਸਿੰਘ ਨੇ ਪੁਰਾਣੀ ਪੈਨਸ਼ਨ ਸਕੀਮ (ਓਪੀਐਸ) ਦੀ ਬਹਾਲੀ ਲਈ ਦੇਸ਼ ਵਿਆਪੀ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਦ੍ਰਿੜ ਸੰਕਲਪ ਪ੍ਰਗਟ ਕੀਤਾ। ਉਨ੍ਹਾਂ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਪਹਿਲਗਾਮ ਵਿੱਚ ਹੋਏ ਦੁਖਦਾਈ ਅੱਤਵਾਦੀ ਹਮਲੇ ਕਾਰਨ ਦਿੱਲੀ ਵਿੱਚ ਪ੍ਰਸਤਾਵਿਤ 20 ਲੱਖ ਕਰਮਚਾਰੀਆਂ ਦਾ ਇਤਿਹਾਸਕ ਪ੍ਰਦਰਸ਼ਨ ਮੁਲਤਵੀ ਕਰਨਾ ਪਿਆ, ਪਰ ਉਨ੍ਹਾਂ ਨੇ ਸਰਕਾਰ ਨੂੰ ਸਪੱਸ਼ਟ ਸੰਦੇਸ਼ ਦਿੱਤਾ ਕਿ ਕਰਮਚਾਰੀ ਆਪਣੇ ਭਵਿੱਖ ਦੀ ਸੁਰੱਖਿਆ ਲਈ ਹਰ ਸੰਭਵ ਲੜਾਈ ਲੜਨ ਲਈ ਤਿਆਰ ਹਨ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਆਊਟਸੋਰਸਿੰਗ ਦੀਆਂ ਵਿਸਥਾਰਵਾਦੀ ਨੀਤੀਆਂ ਨੂੰ ਤੁਰੰਤ ਨਾ ਰੋਕਿਆ ਗਿਆ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਦੀ ਦਿਸ਼ਾ ਵਿੱਚ ਠੋਸ ਕਦਮ ਨਾ ਚੁੱਕੇ ਗਏ, ਤਾਂ ਯੂਨੀਅਨ ਇੱਕ ਵਿਆਪਕ ਅਤੇ ਨਿਰਣਾਇਕ ਅੰਦੋਲਨ ਛੇੜਨ ਲਈ ਮਜਬੂਰ ਹੋਵੇਗੀ।

ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟਰੇਡ ਯੂਨੀਅਨ (ਐਕਟੂ), ਚੰਡੀਗੜ੍ਹ ਦੇ ਸੂਬਾ ਪ੍ਰਧਾਨ, ਕਾਮਰੇਡ ਕਵਲਜੀਤ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਮੌਜੂਦਾ ਸਰਕਾਰ ਦੀਆਂ ਉਨ੍ਹਾਂ ਕਾਰਪੋਰੇਟ-ਪੱਖੀ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ, ਜੋ ਮਜ਼ਦੂਰ ਵਰਗ ਦੇ ਹਿੱਤਾਂ ਨੂੰ ਲਗਾਤਾਰ ਕਮਜ਼ੋਰ ਕਰ ਰਹੀਆਂ ਹਨ। ਉਨ੍ਹਾਂ ਨੇ ਜਨਤਕ ਖੇਤਰ ਦੇ ਉੱਦਮਾਂ ਦੇ ਅੰਨ੍ਹੇਵਾਹ



ਨਿੱਜੀਕਰਨ ਦੀ ਵੀ ਸਖ਼ਤ ਨਿੰਦਾ ਕੀਤੀ ਅਤੇ ਇਸਨੂੰ ਰਾਸ਼ਟਰ ਹਿੱਤ ਦੇ ਵਿਰੁੱਧ ਦੱਸਿਆ। ਉਨ੍ਹਾਂ ਕਿਹਾ ਕਿ ਆਰਸੀਐਫ ਵਿੱਚ ਮਨਾਇਆ ਗਿਆ ਮਈ ਦਿਵਸ ਪੂਰੇ ਦੇਸ਼ ਲਈ ਇੱਕ ਮਿਸਾਲ ਹੈ ਕਿ ਇਸ ਤਰੀਕੇ ਨਾਲ ਵੀ ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾ ਸਕਦਾ ਹੈ, ਸਰਕਾਰ ਦੀਆਂ ਕਾਰਪੋਰੇਟ ਅਤੇ ਪੂੰਜੀਵਾਦੀ ਨੀਤੀਆਂ ਦੇ ਨਵੇਂ ਦੌਰ ਵਿੱਚ ਇਸ ਤਰੀਕੇ ਨਾਲ ਮਈ ਦਿਵਸ ਦੇ ਸਮਾਗਮਾਂ ਦਾ ਆਯੋਜਨ ਕਰਨਾ ਵੀ ਇੱਕ ਨਵੀਂ ਸ਼ੁਰੂਆਤ ਹੈ, ਇਹ ਨਵੀਂ ਸ਼ੁਰੂਆਤ ਭਾਰਤ ਸਰਕਾਰ ਲਈ ਇੱਕ ਚੇਤਾਵਨੀ ਹੈ ਕਿ ਜੇਕਰ ਸਰਕਾਰ ਮਜ਼ਦੂਰਾਂ ਦੇ ਮੁੱਖ ਮੁੱਦਿਆਂ ਤੋਂ ਧਿਆਨ ਕੇਂਦਰਿਤ ਨਹੀਂ ਕਰੇਗੀ ਤਾਂ ਮਜ਼ਦੂਰਾਂ ਕੋਲ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਏਕਤਾ ਅਤੇ ਉਨ੍ਹਾਂ ਦੀ ਲੜਨ ਦੀ ਇੱਛਾ ਸ਼ਕਤੀ ਹੈ ਜੋ ਮਈ ਦਿਵਸ ਵਰਗੇ ਸਮਾਗਮਾਂ ਤੋਂ ਪ੍ਰੇਰਿਤ ਹੋ ਕੇ ਮਿਲਦੀ ਹੈ। ਉਨ੍ਹਾਂ ਨੇ ਨੌਜਵਾਨ ਕਰਮਚਾਰੀਆਂ ਨੂੰ ਅੱਗੇ ਆ ਕੇ ਮਜ਼ਦੂਰ ਸੰਗਠਨਾਂ ਵਿੱਚ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨਾਂ ਦਾ ਜੋਸ਼ ਦੇਸ਼ ਦੇ ਮੌਜੂਦਾ ਹਾਲਾਤਾਂ ਨੂੰ ਬਦਲ ਸਕਦਾ ਹੈ ਅਤੇ ਕਾਰਪੋਰੇਟ ਅਤੇ ਪੂੰਜੀਵਾਦੀ ਨੀਤੀਆਂ ਨਾਲ ਸੰਘਰਸ਼ ਕਰਨ ਲਈ ਨੌਜਵਾਨਾਂ ਦੀ ਏਕਤਾ ਬੇਹੱਦ ਜ਼ਰੂਰੀ ਹੈ। ਕਾਮ-ਰੇਡ ਕਵਲਜੀਤ ਸਿੰਘ ਨੇ ਸਮਾਜ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡਣ ਵਾਲੀਆਂ ਵਿਘਟਨਕਾਰੀ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਅਤੇ ਮਜ਼ਦੂਰ ਵਰਗ ਦੀ ਏਕਤਾ ਨੂੰ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਦੱਸਿਆ। ਉਨ੍ਹਾਂ ਨੇ ਪਹਿਲਗਾਮ ਵਿੱਚ ਹੋਏ ਬੇਰਹਿਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਸੁਰੱਖਿਆ ਪ੍ਰਬੰਧਾਂ ਵਿੱਚ ਗੰਭੀਰ ਕੁਤਾਹੀ ਲਈ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਗੈਰ-ਸੰਗਠਿਤ ਖੇਤਰ ਦੇ ਮਜ਼ਦੂਰਾਂ ਨੂੰ ਵੀ ਇਕਜੁੱਟ ਕਰਕੇ ਯੂਨੀਅਨ ਨਾਲ ਜੋੜਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਅਧਿਕਾਰਾਂ ਲਈ ਜਾਗਰੂਕ ਕਰਨ ਦਾ ਸੱਦਾ ਦਿੱਤਾ।

ਅੱਜ ਦੇ ਪ੍ਰੋਗਰਾਮ ਨੂੰ ਸੰਬੋਧਿਤ ਕਰਦਿਆਂ ਓਬੀਸੀ, ਐਸਸੀ ਅਤੇ ਐਸਟੀ, ਆਈਆਰਟੀਐਸਏ ਅਤੇ ਇੰਜੀਨੀਅਰ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਨੇ ਕਿਹਾ ਕਿ ਰੇਲ ਕੋਚ ਫੈਕਟਰੀ ਇਨ੍ਹੀਂ ਦਿਨੀਂ ਭਾਰਤ ਸਰਕਾਰ ਦੀਆਂ ਮਜ਼ਦੂਰ ਅਤੇ ਦੇਸ਼ ਵਿਰੋਧੀ ਨੀਤੀਆਂ ਦੇ ਚਲਦਿਆਂ ਆਪਣੇ ਸਭ ਤੋਂ ਬੁਰੇ ਹਾਲਾਤਾਂ ਵਿੱਚੋਂ ਗੁਜ਼ਰ ਰਹੀ ਹੈ। ਆਊਟਸੋਰਸਿੰਗ ਦਾ ਵੱਧਦਾ ਪੱਧਰ ਆਰਸੀਐਫ ਦੇ ਭਵਿੱਖ ਲਈ ਖਤਰਨਾਕ ਹੈ, ਮਜ਼ਦੂਰਾਂ ਨੂੰ ਮਿਲੇ ਹੱਕਾਂ ਅਤੇ ਅਧਿਕਾਰਾਂ ਨੂੰ ਬਚਾਉਣ ਦੀ ਲੜਾਈ ਇਸ ਸਮੇਂ ਸਭ ਤੋਂ ਮਹੱਤਵਪੂਰਨ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਇੱਕਠੇ ਮਿਲ ਕੇ ਇਸ ਲੜਾਈ ਨੂੰ ਅੱਗੇ ਵਧਾਉਣਾ ਹੋਵੇਗਾ ਅਤੇ ਮਜ਼ਦੂਰਾਂ ਨੂੰ ਮਿਲੇ ਹੱਕਾਂ ਅਤੇ ਅਧਿਕਾਰਾਂ ਨੂੰ ਬਚਾਉਣ ਲਈ ਇਕਜੁੱਟ ਹੋ ਕੇ ਸੰਘਰਸ਼ ਕਰਨਾ ਹੀ ਸਮੇਂ ਦੀ ਮੰਗ ਹੈ।

ਸਟੇਜ ਸੰਚਾਲਨ ਦੀ ਭੂਮਿਕਾ ਯੂਨੀਅਨ ਦੇ ਸੰਗਠਨ ਸਕੱਤਰ ਭਰਤ ਰਾਜ ਨੇ ਨਿਭਾਈ ਅਤੇ ਗੁਰਜਿੰਦਰ ਸਿੰਘ ਨੇ ਝੰਡਾ ਲਹਿਰਾਉਣ ਉਪਰੰਤ ਝੰਡੇ ਦਾ ਗੀਤ "ਏਹ ਪਿਆਰੇ ਪਰਚਮ ਲਾਲ" ਕਰਮਚਾਰੀਆਂ ਵਿੱਚ ਜੋਸ਼ ਭਰਨ ਦਾ ਕਾਰਜ ਕੀਤਾ ਅਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਮਈ ਦਿਵਸ ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਅਮਰੀਕ ਸਿੰਘ ਗਿੱਲ, ਤਲਵਿੰਦਰ ਸਿੰਘ, ਤ੍ਰਿਲੋਚਨ ਸਿੰਘ, ਬਚਿੱਤਰ ਸਿੰਘ, ਨਰਿੰਦਰ ਕੁਮਾਰ, ਪ੍ਰਦੀਪ ਸਿੰਘ, ਮਨਜੀਤ ਸਿੰਘ ਬਾਜਵਾ, ਜਸਪਾਲ ਸਿੰਘ ਸੇਖੋਂ, ਅਵਤਾਰ ਸਿੰਘ, ਹਰਪ੍ਰੀਤ ਸਿੰਘ, ਅਸ਼ਵਨੀ ਕੁਮਾਰ, ਪ੍ਰਕਾਸ਼ ਚੰਦ ਮੀਨਾ, ਸ਼ਿਵਰਾਜ ਮੀਨਾ, ਕਰਨ ਕੁਮਾਰ, ਰਾਜੇਂਦਰ ਕੁਮਾਰ, ਸੰਜੀਵ ਕੁਮਾਰ, ਜਤਿੰਦਰ ਰਾਣਾ, ਜਗਦੀਪ ਸਿੰਘ, ਜਗਜੀਤ ਸਿੰਘ, ਪੰਕਜ ਕੁਮਾਰ, ਵਿਕਾਸ ਮਨੀ, ਸੋਨੂੰ ਕੁਮਾਰ ਸ਼ਾਹ, ਗੁਰਪ੍ਰੀਤ ਸਿੰਘ ਚੀਮਾ ਆਦਿ ਸਮੇਤ ਆਰਸੀਐਫ ਦੇ ਸੈਂਕੜੇ ਕਰਮਚਾਰੀਆਂ ਨੇ ਭਾਗੀਦਾਰੀ ਕਰਕੇ ਆਪਣੀ ਏਕਤਾ ਦਾ ਪ੍ਰਦਰਸ਼ਨ ਕੀਤਾ।

# ਮੇਲੇ ਤੇ ਵਿਸ਼ੇਸ਼: ਚਮਤਕਾਰ ਦੀ ਦੇਵੀ ਮਾਤਾ ਪੰਜਾਬ ਕੌਰ (ਨੰਗਲ ਅੰਬੀਆਂ )

ਜਲੰਧਰ ਜ਼ਿਲ੍ਹੇ ਦਾ ਘੁੱਗ ਵਸਦਾ ਪਿੰਡ ਨੰਗਲ ਅੰਬੀਆਂ ਇਤਿਹਾਸਕ ਪਿਛੋਕੜ ਵਾਲਾ ਪਿੰਡ ਹੈ । ਇਸ ਪਿੰਡ ਦੇ ਵਿਚ ਮੌਜੂਦ ਮਾਤਾ ਪੰਜਾਬ ਕੌਰ ਜੀ ਦਾ ਡੇਰਾ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ। ਇਸ ਡੇਰੇ ਪ੍ਰਤੀ ਦੇਸ਼ ਵਿਦੇਸ਼ ਵਿਚ ਵਸਦੀਆਂ ਸੰਗਤਾਂ ਵਿਚ ਅੱਜ ਵੀ ਪੂਰੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਇਸ ਡੇਰੇ ਸਬੰਧੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨ ਜਾ ਰਿਹਾ ਹਾਂ। ਪਿੰਡ ਨੰਗਲ ਅੰਬੀਆਂ ਵਿਚ ਤਕਰੀਬਨ 7 ਕਨਾਲ ਵਿਚ ਬਣੇ ਇਸ ਡੇਰੇ ਦਾ ਸਬੰਧ ਮਾਤਾ ਪੰਜਾਬ ਕੌਰ ਜੀ ਦੇ ਪੇਕਾ ਪਰਿਵਾਰ ਦੇ ਘਰ ਵੱਜੋ ਮਾਨਤਾ ਰਖਦਾ ਹੈ। ਮੌਜੂਦਾ ਸੇਵਾਦਾਰ ਮਹੰਤ ਚੇਤਨ ਦਾਸ ਅਨੁਸਾਰ ਮਾਤਾ ਪੰਜਾਬ ਕੌਰ ਜੀ ਖਤਰੀ ਵੰਸ਼ ਵਿੱਚ ਮਾਤਾ ਦੇਵਕੀ ਜੀ ਅਤੇ ਪਿਤਾ ਰਾਮ ਨਰਾਇਣ ਜੀ ਦੇ ਘਰ ਪੈਦਾ ਹੋਏ। ਪ੍ਰਸਿੱਧ ਕਥਾ ਮੁਤਾਬਕ ਮਾਤਾ ਪੰਜਾਬ ਕੌਰ ਜੀ ਬਚਪਨ ਵਿਚ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਅਤੇ ਆਪ ਜੀ ਦੇ ਮੁੱਖ ਵਿਚੋਂ ਨਿਕਲੇ ਬਚਨ ਸੱਚ ਸਾਬਤ ਹੁੰਦੇ। ਅਤੇ ਲੋਕ ਅਤੇ ਪਰਿਵਾਰ ਵਾਲੇ ਆਪ ਜੀ ਨੂੰ ਦੇਵੀ ਦਾ ਅਵਤਾਰ ਮੰਨਦੇ ਸਨ । ਮਾਤਾ ਪੰਜਾਬ ਕੌਰ ਬਚਪਨ ਵਿਚ ਸਨ ਕਿ ਆਪ ਜੀ ਪਿੱਪਲੀ ਦੇ ਦਰਖਤ ਤੇ ਪੀਂਘ ਪਾ ਕੇ ਝੂਟੇ ਲੈ ਰਹੀਆਂ ਲੜਕੀਆਂ ਕੋਲ ਪੁੱਜੇ ਅਤੇ ਪੀਂਘ ਤੇ ਝੂਟੇ ਦੇਣ ਲਈ ਕਿਹਾ। ਪੀਂਘ ਝੂਟਦੀ ਲੜਕੀ ਨੇ ਕਿਹਾ ਹੋਰ ਪੀਂਘ ਪਾ ਕੇ ਝੂਟ ਲਾ ਇਹ ਪੀਂਘ ਖਾਲੀ ਨਹੀਂ ਹੈ। ਤਾਂ ਮਾਤਾ ਪੰਜਾਬ ਕੌਰ ਘਰ ਆਣ ਕੇ ਮਾਤਾ ਦੇਵਕੀ ਜੀ ਨੂੰ ਕਹਿਣ ਲੱਗੀ ਕਿ ਮੈਨੂੰ ਚਰਖਾ, ਅਤੇ ਰੂੰ ਦੀਆਂ ਪੂਣੀਆਂ ਦਿਓ ਮੈਂ ਸੂਤ ਕੱਤਣਾ ਹੈ ਅਤੇ ਪਿਪਲੀ ਤੇ ਪੀਂਘ ਪਾਉਣੀ ਹੈ। ਤਾਂ ਮਾਤਾ ਦੇਵਕੀ ਕਹਿਣ ਲੱਗੇ ਬੇਟਾ ਕੱਚੇ ਤੰਦ



ਦੀ ਪੀਂਘ ਕਿਵੇਂ ਪਵੇਗੀ ਤਾਂ ਮਾਤਾ ਪੰਜਾਬ ਕੌਰ ਕਹਿਣ ਲੱਗੇ ਜਦੋਂ ਪ੍ਰਭੂ ਦੀ ਮਰਜ਼ੀ ਹੋਵੇ ਤਾਂ ਕੱਚੇ ਤੰਦ ਦੀਆਂ ਵੀ ਪੀਂਘਾਂ ਝੂਟਦੀਆਂ ਜਾ ਸਕਦੀਆਂ ਹਨ। ਇਸ ਸਥਾਨ ਤੇ ਅੱਜ ਵੀ ਉਹ ਪਿਪਲੀ ਮੌਜੂਦ ਹੈ ਜਿਸ ਉਪਰ ਮਾਤਾ ਪੰਜਾਬ ਕੌਰ ਜੀ ਵੱਲੋਂ ਕੱਚੇ ਤੰਦ ਦੀ ਪੀਂਘ ਝੂਟ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਪੁਰਾਤਨ ਕਥਾ ਮੁਤਾ-ਬਕ ਅੱਜ ਵੀ ਉਹ ਖੂਹੀ ਮੌਜੂਦ ਹੈ ਜਿਸ ਤੋਂ ਮਾਤਾ ਪੰਜਾਬ ਕੌਰ ਪਾਣੀ ਭਰਦੇ ਸਨ ਅਤੇ ਜਦੋਂ ਬਰਤਨ ਸਿਰ ਤੇ ਰੱਖਦੇ ਤਾਂ ਬਰਤਨ ਸਿਰਤ ਤੋਂ ਉਚਾ ਹਵਾ ਵਿਚ ਰਹਿੰਦਾ ਸੀ। ਮਾਤਾ ਪੰਜਾਬ ਕੌਰ ਜੀ ਦੀ ਸ਼ਾਦੀ ਬਾਬਾ ਰਾਮ ਰਾਏ ਜੀ ਨਾਲ ਦੇਹਰਾਦੂਨ ਵਿਖੇ ਹੋਈ ਸੀ । ਬਾਬਾ ਰਾਮ ਰਾਏ ਸਤਵੀਂ ਪਾਤਸ਼ਾਹੀ ਗੁਰੂ ਹਰਰਾਇ ਸਾਹਿਬ ਜੀ ਦੇ ਵੱਡੇ ਬੇਟੇ ਅਤੇ ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦੇ ਭਰਾ ਸਨ। ਇਸ ਡੇਰੇ ਤੇ ਹਰ ਸਾਲ ਵਿਸਾਖ ਸੁਦੀ ਪੈਚਮੀ ਨੂੰ ਮਾਤਾ ਪੰਜਾਬ ਕੌਰ ਜੀ ਦਾ ਬੜਾ ਭਾਰੀ ਮੇਲਾ ਲਗਦਾ ਹੈ ਲੋਕਾਂ ਵਿਚ ਵਿਸ਼ਵਾਸ ਹੈ ਇਨ੍ਹਾਂ ਦਿਨਾ ਵਿਚ ਮੀਂਹ ਹਨੇਰੀ ਵੀ ਜ਼ਰੂਰ ਆਉਂਦਾ ਹੈ। ਇਸ ਸਥਾਨ ਉਪਰ ਨਿਸ਼ਾਨ ਸਾਹਿਬ ਲੱਕੜ ਦਾ ਬਣਾ ਕੇ ਚੜਾਇਆ ਜਾਂਦਾ ਹੈ। ਅਤੇ ਲੜੀ ਵਾਰ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸੰਗਤਾਂ ਵੱਲੋਂ ਇਲਾਕੇ ਦੇ ਸਹਿਯੋਗ ਨਾਲ ਹਲਟ ਦੌੜਾਂ ਵੀ ਕਰਵਾਈਆਂ ਜਾਂਦੀਆਂ ਹਨ। ਬਾਬਾ ਰਾਮ ਰਾਇ ਜੀ ਸੰਸਥਾਂ ਦੇਹਰਾਦੂਨ ਵੱਲੋਂ ਮਾਤਾ ਪੰਜਾਬ ਕੌਰ ਜੀ ਦੇ ਨਾਮ ਤੇ ਇਸ ਸਥਾਨ ਤੇ ਸੁੰਦਰ ਬਿਲਡਿੰਗ ਬਣਾ ਕੇ ਸਕੂਲ ਵੀ ਚਲਾਇਆ ਜਾ ਰਿਹਾ ਹੈ। ਅਤੇ ਇਸੇ ਸੰਸਥਾਂ ਵੱਲੋਂ ਅਲੱਗ ਅਲੱਗ ਹੋਰ ਇਲਾਕਿਆਂ ਵਿਚ ਤਕਰੀਬਨ 135 ਸਕੂਲ ਕਾਰਜ ਬਣਾਏ ਗਏ ਹਨ।ਹਰ ਸਾਲ ਮੇਲੇ ਤੇ ਨਤਮਸਤਕ ਹੋਣ ਲਈ ਦੇਸ਼ ਵਿਦੇਸ਼ ਤੋਂ ਸੰਗਤਾਂ ਹੁੰਮ ਹੁੰਮਾ ਕੇ ਪੁੱਜਦੀਆਂ ਹਨ ਅਤੇ ਇਸ ਸਥਾਨ ਤੇ ਹੁਣ ਤੱਕ ਸੇਵਾ ਕਰਦੇ ਰਹੇ ਮਹੰਤਾਂ ਦੀਆਂ ਯਾਦਗਾਰਾਂ ਵੀ ਸ਼ਸ਼ੋਭਿਤ ਹਨ।

**ਲੇਖਕ - ਹਰਜਿੰਦਰ ਸਿੰਘ ਚੰਦੀ ਮਹਿਤਪੁਰ**
**9814601638**

# ਕੋਸ਼ਿਸ਼ ਕਰਨੇ ਵਾਲੋਂ ਕੀ ਕਭੀ ਹਾਰ ਨਹੀਂ ਹੋਤੀ

ਆਂਖੋਂ ਮੇਂ ਰਹਾਂ ਦਿਲ ਮੇਂ ਉਤਰ ਕਰ ਨਹੀਂ ਦੇਖਾ,
ਕਸ਼ਤੀ ਕੇ ਮੁਸਾਫਿਰ ਨੇ ਸਮੁੰਦਰ ਨਹੀਂ ਦੇਖਾ..
ਜਿਸ ਦਿਨ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ,
ਆਂਖੋ ਨੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ..
ਯੇ ਫੂਲ ਮੁਝੇ ਕੋਈ ਵਿਰਾਸਤ ਮੇਂ ਮਿਲੇ ਹੈ,
ਤੁਮਨੇ ਮੇਰਾ ਕਾਂਟੋ ਵਾਲਾ ਬਿਸਤਰ ਨਹੀਂ ਦੇਖਾ..

ਇਕ ਵਾਰ ਇਕ ਬੀਜ਼ ਨੂੰ ਕਿਸੇ ਨੇ ਪੁੱਛਿਆ , "ਤੂੰ ਕੀ ਚੀਜ਼ ਹੈਂ?" ਤਾਂ ਉਸਨੇ ਕਿਹਾ, "ਮੈਂ ਬਹੁਤ ਵੱਡਾ ਰੁੱਖ ਹਾਂ"।

ਕੀ ਬੀਜ਼ ਨੇ ਗ਼ਲਤ ਕਿਹਾ? ਨਹੀਂ, ਉਸਨੇ ਤਾਂ ਬਿਲਕੁਲ ਸਹੀ ਕਿਹਾ, ਭਾਵੇਂ ਉਹ ਅੱਜ ਇਕ ਦਾਣੇ ਜਿੱਡਾ ਹੈ, ਪਰ ਜੇਕਰ ਉਸਨੂੰ ਧਰਤੀ ਵਿੱਚ ਦੱਬ ਦਿੱਤਾ ਜਾਵੇ, ਤਾਂ ਉਸਨੇ ਇੱਕ ਨਾ ਇੱਕ ਦਿਨ ਤਾਂ ਵੱਡਾ ਰੁੱਖ ਤਾਂ ਬਣਨਾ ਹੀ ਬਣਨਾ ਹੈ।ਇਹੀ ਕਹਾਣੀ ਹਰ ਇਕ ਬੱਚੇ ਤੇ ਵੀ ਲਾਗੂ ਹੁੰਦੀ ਹੈ।ਹਾਲ ਵਿੱਚ ਹੀ ਯੂਨੀਅਨ ਪਬਲਿਕ ਸਿਵਲ ਸਰਵਿਸ ਕਮਿਸ਼ਨ ਨੇ ਸਿਵਲ ਸਰਵਿਸਜ਼ 2024 ਦਾ ਰਿਜ਼ਲਟ ਅਨਾਊਂਸ ਕਰ ਦਿੱਤਾ ਹੈ। ਇਸ ਨਤੀਜੇ ਵਿੱਚ ਪਰਿਆਗਰਾਜ ਦੀ ਸ਼ਕਤੀ ਦੂਬੇ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਹਰਸ਼ਿਤਾ ਗੋਇਲ ਨੂੰ ਦੂਸਰਾ ਅਤੇ ਡੋਗਰੇ ਅਰਚਿਤ ਚਿਰਾਗ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ ਹੈ। ਹੋਰ ਵੀ ਸੈਂਕੜੇ ਨਾਮ ਅਜਿਹੇ ਹਨ। ਜਿਹਨਾਂ ਨੇ ਕੌਨਵੈਂਟ ਸਕੂਲਾਂ,ਆਈ.ਆਈ.ਟੀ. ਵਰਗੇ ਨਾਮੀ ਸੰਸਥਾਨਾਂ ਅਤੇ ਦੇਸ਼ ਦੀਆਂ ਮੋਹਰੀ ਯੂਨੀਵਰਸਿਟੀਆਂ ਤੋਂ ਸਿੱਖਿਆ ਹਾਸਿਲ ਕਰਕੇ, ਟੌਪ ਦੀਆਂ ਕੋਚਿੰਗ ਸੰਸਥਾਵਾਂ ਤੋਂ ਕੋਚਿੰਗ ਲੈ ਕੇ ਇਹ ਇਮਤਿਹਾਨ ਦਿੱਤਾ। ਉਹਨਾਂ ਦੇ ਮਾਤਾ ਪਿਤਾ ਵੀ ਚੰਗੇ ਅਹੁਦਿਆਂ ਤੇ ਬਿਰਾਜਮਾਨ ਹਨ। ਮਤਲਬ ਬਹੁਗਿਣਤੀ ਤਾਂ ਸਾਧਨ ਸੰਪੰਨ ਘਰਾਂ ਦੇ ਬੱਚਿਆਂ ਹੀ ਇਹ ਇਮਤਿਹਾਨ ਪਾਸ ਕੀਤਾ ਹੈ।

ਪਰ ਦੇਸ਼ ਦੇ ਇਸ ਸਭ ਤੋਂ ਔਖੇ ਇਮਤਿਹਾਨ ਨੂੰ ਕੁੱਝ ਅਜਿਹੇ ਵਿਦਿਆਰਥੀਆਂ ਨੇ ਵੀ ਪਾਸ ਕੀਤਾ ਹੈ, ਜੋ ਗਰੀਬੀ, ਤੰਗੀਆਂ, ਤੁਰਸ਼ੀਆਂ ਵਾਲੇ ਘਰਾਂ ਚ ਪਲੇ। ਸਾਧਾਰਨ ਸਕੂਲਾਂ ਤੋਂ ਸਿੱਖਿਆ ਹਾਸਲ ਕੀਤੀ ਅਤੇ ਇਹ ਚਮਤਕਾਰ ਕਰ ਵਿਖਾਇਆ। ਕਹਿੰਦੇ ਹਨ ਕਿ ਕੋਸ਼ਿਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ ਤੇ ਇਸ ਵਾਰ ਵੀ ਨਹੀਂ ਹੋਈ।

ਜਦੋਂ ਤੂੰ ਯੂਪੀਐਸਸੀ ਦਾ ਰਿਜਲਟ ਆਇਆ ਹੈ ਸਾਰੇ ਟਾਪਰਾਂ ਦੀ ਗੱਲ ਕਰ ਰਹੇ ਹਨ। ਇਸ ਇਮਤਿਹਾਨ ਵਿੱਚ ਇੱਕ ਅੱਖਾਂ ਦੀ ਰੌਸ਼ਨੀ ਤੋਂ ਵਿਹੂਣਾ ਨੌਜਵਾਨ ਟੌਪ ਕਰ ਗਿਆ ਹੈ।ਪਰ ਜ਼ਿੰਦਗੀ ਦੀ ਰੇਸ ਵਿੱਚ ਉਸਦੀ ਮਾਂ ਟੋਪ ਕਰ ਗਈ ਹੈ। ਭਾਵੇਂ ਇਸ ਨੌਜਵਾਨ ਦੀਆਂ ਅੱਖਾਂ ਦੀ ਰੌਸ਼ਨੀ ਨਹੀਂ ਹੈ। ਪਰ ਇਸ ਨੌਜਵਾਨ ਦੀ ਕਹਾਣੀ ਸੁਣ ਕੇ ਸਾਡੀਆਂ ਅੱਖਾਂ ਚੁੰਧਿਆ ਜਾਣਗੀਆਂ। ਰਾਜਸਥਾਨ ਦੇ 23 ਸਾਲਾਂ ਮਨੂ ਗਰਗ ਨੇ ਦੂਸਰੀ ਕੋਸ਼ਿਸ਼ ਵਿੱਚ 91 ਵੀਂ ਰੈਂਕ ਹਾਸਲ ਕੀਤੀ ਹੈ।

ਨੌਂਵੀ ਜਮਾਤ ਵਿੱਚ ਪੜ੍ਹਦਿਆਂ ਇਸਦੀ ਅੱਖਾਂ ਦੀ ਰੌਸ਼ਨੀ ਘੱਟ ਹੁੰਦੀ ਗਈ। ਇਸਨੂੰ ਆਸ ਪਾਸ ਦੀਆਂ ਚੀਜ਼ਾਂ ਅਤੇ ਕਿਤਾਬਾਂ ਦੇ ਅੱਖਰ ਧੁੰਦਲੇ ਦਿਖਾਈ ਦੇਣ ਲੱਗੇ ਤੇ ਭਵਿੱਖ ਅੰਧਕਾਰ ਵਿੱਚ ਨਜ਼ਰ ਆਉਣ ਲੱਗਾ। ਡਾਕਟਰਾਂ ਤੋਂ ਬਥੇਰਾ ਇਲਾਜ਼ ਕਰਵਾਇਆ ਪਰ ਗੱਲ ਨਹੀਂ ਬਣੀ। ਉਸਦੇ ਪਿਤਾ ਅੱਖਾਂ ਦੀ ਰੌਸ਼ਨੀ ਚਲੇ ਜਾਣ ਕਰਕੇ ਅੱਗੇ ਪੜ੍ਹਾਈ ਨਹੀਂ ਕਰਵਾਉਣੀ ਚਾਹੁੰਦੇ ਸਨ ਪਰ ਮਾਂ ਵੰਦਨਾ ਨੇ ਮੋਰਚਾ ਸੰਭਾਲਿਆ।ਉਸਦੀ ਮਾਂ ਉਸਨੂੰ ਬੋਲ ਕੇ ਪੜ੍ਹਾਉਂਦੀ ਰਹੀ। ਉਸ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ਼ ਵਿੱਚ ਟੌਪਰ ਰਹੇ ਤੇ ਮਾਂ ਦੇ ਸਾਥ ਕਰਕੇ ਪੜ੍ਹਾਈ ਵਿੱਚ ਅੱਗੇ ਵੀ ਹਰ ਪਾਸੇ ਟੌਪ ਕਰਦਿਆਂ ਇਹ ਚਮਤਕਾਰ ਕਰ ਵਿਖਾਇਆ।

ਅਜਿਹੀ ਹੀ ਇਕ ਕਹਾਣੀ ਹੈ,ਬਿਹਾਰ ਦੇ ਨਾਵਦਾ ਜਿਲ੍ਹੇ ਦੇ ਰਹਿਣ ਵਾਲੇ ਨੌਜਵਾਨ ਰਵੀ ਰਾਜ ਦੀ। ਦੋਨਾਂ ਅੱਖਾਂ ਤੋਂ ਨਾ ਦਿਖਾਈ ਦੇਣ ਵਾਲੇ ਇਸ ਨੌਜਵਾਨ ਨੇ ਵੀ ਉਹ ਕਰ ਵਿਖਾਇਆ ਹੈ, ਜੋ ਅੱਖਾਂ ਵਾਲੇ ਸੁਪਨੇ ਚ ਵੀ ਨਹੀਂ ਵੇਖ ਸਕਦੇ। ਸਾਧਾਰਨ ਕਿਸਾਨ ਅਤੇ ਘਰੇਲੂ ਮਾਂ ਦੇ ਇਸ ਪੁੱਤਰ ਨੇ ਆਪਣੀ ਚੌਥੀ ਕੋਸ਼ਿਸ਼ ਵਿੱਚ 182 ਵਾਂ ਰੈਂਕ ਪ੍ਰਾਪਤ ਕੀਤਾ ਹੈ। ਇਸਨੂੰ ਵੀ ਇਸਦੀ ਮਾਂ ਨੇ ਬੋਲ ਬੋਲ ਕੇ ਪੜ੍ਹਾਇਆ, ਹਰ ਸਮੇਂ ਉਸਦਾ ਸਾਥ ਦਿੱਤਾ। ਜਿਸ ਸਦਕਾ ਰਵੀ ਰਾਜ਼ ਨੇ ਇਹ ਚਮਤਕਾਰ ਕਰ ਵਿਖਾਇਆ।

ਮਹਾਰਾਸ਼ਟਰ ਦੇ ਆਮਗੇ ਪਿੰਡ ਵਿੱਚ ਕੁਰਬਾ ਸਮੁਦ-ਾਇ ਜੋ ਕਿ ਭੇਡਾਂ ਬੱਕਰੀਆਂ ਪਾਲਣ ਦਾ ਕੰਮ ਕਰਦੇ ਹਨ, ਦੇ ਗਰੀਬ ਨੌਜਵਾਨ ਬਿਰੱਪਾ ਸਿਦੱਪਾ ਡੋਨੀ ਨੇ 551 ਰੈਂਕ ਪ੍ਰਾਪਤ ਕੀਤਾ ਹੈ। ਉਸਨੇ ਤੀਸਰੀ ਕੋਸ਼ਿਸ਼ ਵਿੱਚ ਇਹ ਸਫਲਤਾ ਪ੍ਰਾਪਤ ਕੀਤੀ ਹੈ ਜਿਸ ਦਿਨ ਨਤੀਜੇ ਆਏ, ਉਹ ਆਪਣੇ ਨਾਨਕੇ ਕਰਨਾਟਕ ਦੇ ਇੱਕ ਪਿੰਡ, ਜੋ ਕਿ ਬੇਲਗਾਵੀ ਜਿਲ੍ਹੇ ਵਿੱਚ ਪੈਂਦਾ ਹੈ, ਗਿਆ ਹੋਇਆ ਸੀ। ਜਦੋਂ ਉਸਦੇ ਰਿਸ਼ਤੇਦਾਰਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਨੇ ਪਿੰਡ ਵਿੱਚ ਹੀ ਚਾਰਗਾਹ ਵਿੱਚ ਜਸ਼ਨ ਮਨਾਇਆ ਤੇ ਫਿਰ ਬਿਰੱਪਾ ਦਾ ਫੁੱਲਾਂ ਦੀ ਮਾਲਾ ਨਾਲ ਸਵਾਗਤ ਕੀਤਾ। ਮਹਾਂਰਾਸ਼ਟਰ ਦੀ ਆਦੀਬਾ ਅਸ਼ਫਾਕ, ਜਿਸਦੇ ਪਿਤਾ ਆਟੋ ਰਿਕਸ਼ਾ ਚਾਲਕ ਹਨ, ਨੇ ਵੀ ਇਸ ਪ੍ਰੀਖਿਆ ਵਿੱਚ 142 ਵਾਂ ਰੈਂਕ ਹਾਸਿਲ ਕਰਕੇ ਮਹਾਂਰਾਸ਼ਟਰ ਦੀ ਪਹਿਲੀ ਮੁਸਲਿਮ ਆਈ.ਏ.ਐੱਸ. ਬਣਨ ਦਾ ਮਾਣ ਹਾਸਿਲ ਕੀਤਾ ਹੈ। ਕਿਰਾਏ ਦੇ ਮਕਾਨ ਵਿੱਚ ਰਹਿਣ ਵਾਲੇ ਇਸ ਪਰਿਵਾਰ ਤੋਂ ਜਦੋਂ ਪੱਤਰਕਾਰ ਨੇ ਪੁੱਛਿਆ ਕਿ ਤੁਹਾਡਾ ਖ਼ੁਦ ਦਾ ਘਰ ਵੀ ਨਹੀਂ ਹੈ ਤੇ ਤੁਸੀਂ ਇਹ ਚਮਤਕਾਰ ਕਿਵੇਂ ਕਰ ਵਿਖਾਇਆ ਤਾਂ ਉਸਨੇ ਕਿਹਾ ਕਿ ਘਰ ਹੋਣਾ ਤਾਂ ਸੈਕੰਡਰੀ ਹੈ। ਸਭ ਤੋਂ ਪਹਿਲਾਂ ਜਰੂਰੀ ਹੈ ਜ਼ਜ਼ਬਾ ਹੋਣਾ।

ਉੱਤਰ ਪ੍ਰਦੇਸ਼ ਦੇ ਸੰਤ ਕਬੀਰ ਨਗਰ ਦੇ ਰਹਿਣ ਵਾਲੇ ਇਕਬਾਲ ਅਹਿਮਦ ਨੇ 998 ਵੀਂ ਰੈਂਕ ਹਾਸਲ ਕਰਕੇ ਆਪਣੇ ਮਾਤਾ ਪਿਤਾ ਦਾ ਨਾਮ ਚਮਕਾਇਆ ਹੈ। ਜਿਸਦੇ ਪਿਤਾ ਪਿੰਡ ਵਿੱਚ ਸਾਈਕਲ ਪੰਚਰ ਦੀ ਦੁਕਾਨ ਚਲਾਉਂਦੇ ਹਨ। ਝਾਰਖੰਡ ਦੇ ਬੋਕਾਰੋ ਦੇ ਰਹਿਣ ਵਾਲੇ ਰਾਜ ਕੁਮਾਰ ਮੇਹਤੋ ਨੇ ਤੀਸਰੀ ਕੋਸ਼ਿਸ਼ ਵਿੱਚ 557 ਵੀਂ ਰੈਂਕ ਹਾਸਲ ਕੀਤੀ ਹੈ। ਉਹਨਾਂ ਦੇ ਪਿਤਾ ਅਖ਼ਬਾਰ ਵੰਡਣ ਦਾ ਕੰਮ ਕਰਦੇ ਹਨ। ਗੁਜਰਾਤ ਦੇ 30 ਸਾਲਾਂ ਅੰਕਿਤ ਵਾਣੀਆਂ ਨੇ 670 ਵੀਂ ਰੈਂਕ ਹਾਸਿਲ ਕੀਤੀ ਹੈ। ਜਿਸਦੇ ਪਿਤਾ ਐੱਲ.ਆਈ.ਸੀ. 'ਚ ਚਪੜਾਸੀ ਹਨ। ਇਹਨਾਂ ਨੌਜਵਾਨਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਕਹਾਣੀਆਂ ਹੋਣਗੀਆਂ, ਜਿੰਨ੍ਹਾ ਦਾ ਹਾਲੇ ਸਾਡੇ ਕੋਲ ਪਹੁੰਚਣਾ ਬਾਕੀ ਹੈ। ਅਖ਼ੀਰ ਵਿੱਚ ਦੋ ਲਾਈਨਾਂ ਅਜਿਹੇ ਸਿਰੜੀ ਨੌਜਵਾਨਾਂ ਲਈ...ਕਿ

ਮੁਸ਼ਕਿਲੋਂ ਸੇ ਕਹਿ ਦੋ ਹਮਸੇ ਉਲਝਾ ਨਾ ਕਰੇਂ..
ਹਮੇਂ ਹਰ ਹਾਲਤ ਮੇਂ ਜੀਤਨੇ ਕਾ ਹੁਨਰ ਆਤਾ ਹੈ...!



**ਚਰਨਜੀਤ ਸਿੰਘ ਮੁਕਤਸਰ**
*ਸੈਂਟਰ ਹੈੱਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ, ਝਬੇਲਵਾਲੀ ( ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ)*
*ਮੋਬਾਈਲ ਨੰਬਰ: 9501300716

# ਮਜ਼ਦੂਰੀ ਅਤੇ ਮਜ਼ਬੂਰੀ

ਮਈ ਦਿਹਾੜੇ ਤੇ ਦੁਨੀਆਂ ਦੇ ਸਭ ਮਜ਼ਦੂਰਾਂ ਨੂੰ ਸਿਜਦਾ ਕਰਦਾ ਹਾਂ ਲ ਜਦੋਂ ਅਸੀਂ ਕਿਸੇ ਦੂਜੇ ਦੇ ਕੰਮ, ਦਿਹਾੜੀ ਜਾਂ ਨੌਕਰੀ ਕਰਦੇ ਹਾਂ ਉਹ ਮਜ਼ਦੂਰੀ ਹੁੰਦੀ ਹੈ । ਇਕੱਲਾ ਇੱਟਾਂ ਚੁੱਕਣਾ, ਪੱਥਰ ਕੁੱਟਣਾ ਜਾਂ ਫੈਕਟਰੀਆਂ ਵਿੱਚ ਕੰਮ ਕਰਨਾ ਹੀ ਮਜ਼ਦੂਰੀ ਨਹੀਂ ਹੁੰਦੀ । ਉੱਚੇ ਅਹੁਦਿਆਂ ਤੇ ਪ੍ਰਾਈਵੇਟ ਕੰਪਨੀਆਂ ਵਿੱਚ ਵੱਡੀਆਂ ਤਨਖਾਹਾਂ ਤੇ ਕੰਮ ਕਰਨਾ ਵੀ ਮਜ਼ਦੂਰੀ ਹੀ ਹੁੰਦੀ ਹੈ ਲ ਫਰਕ ਸਿਰਫ ਇਹ ਹੈ ਕਿ ਭੱਠਾ ਮਜ਼ਦੂਰ, ਖੇਤ ਮਜ਼ਦੂਰ, ਸੜਕਾਂ ਤੇ ਕੰਮ ਕਰਨ ਵਾਲੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ, ਆਪਣੇ ਬੱਚਿਆਂ ਨੂੰ ਚੰਗੀ ਤਰਾਂ ਪਾਲ ਪੋਸ ਨਹੀਂ ਸਕਦੇ, ਪੜ੍ਹਾ ਨਹੀਂ ਸਕਦੇ ਅਤੇ ਬਹੁਤ ਸਾਰੀਆਂ ਸਿਹਤ ਸਹੂਲਤਾਂ ਤੋਂ ਬਾਂਝੇ ਰਹਿ ਜਾਂਦੇ ਹਨ ਜਦਕਿ ਉੱਚੇ ਅਹੁਦਿਆਂ ਤੇ ਪ੍ਰਾਈਵੇਟ ਕੰਪਨੀਆਂ ਵਿੱਚ ਨੌਕਰੀਆਂ ਕਰਦੇ ਮਜ਼ਦੂਰ ਆਪਣੇ ਆਪ ਨੂੰ ਹਾਈ ਫਾਈ ਸਮਝਣ ਲਗਦੇ ਹਨ ਅਤੇ ਆਪਣੇ ਖਰਚੇ ਇਸ ਹੱਦ ਤੱਕ ਵਧਾ ਲੈਂਦੇ ਹਨ ਕਿ ਤਨਖਾਹਾਂ ਵੱਧ ਹੋਣ ਦੇ ਬਾਵਯੂਦ ਉਹ ਕਰਜ਼ਾ ਲੈ ਲੈ ਕੇ ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ ਲ ਉਹ ਅਮੀਰ ਬਣਨ ਤੋਂ ਪਹਿਲਾਂ ਅਮੀਰ ਬਣਨ ਦਾ ਦਿਖਾਵਾ ਕਰਦੇ ਹਨ ਜਿਸ ਨਾਲ ਉਹ ਸਾਰੀ ਉਮਰ ਕਰਜ਼ੇ ਵਿੱਚ ਸਮੁੰਦਰ ਦੀ ਦਲਦਲ ਵਾਂਗ ਧਸਦੇ ਜਾਂਦੇ ਹਨ ਲ ਸਮੁੰਦਰ ਦੀ ਦਲਦਲ ਇਸ ਤਰਾਂ ਹੁੰਦੀ ਹੈ ਕਿ ਜਿੰਨਾ ਇਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰੋ ਓਨਾ ਹੀ ਵਿਅਕਤੀ ਇਸ ਵਿੱਚ ਧਸਦਾ ਜਾਂਦਾ ਹੈ ਲ ਇਹ ਉੱਚੇ ਅਹੁਦਿਆਂ ਤੇ ਨੌਕਰੀਆਂ ਕਰਦੇ ਮਜ਼ਦੂਰ ਆਪਣੇ ਗਰੀਬ ਮਜ਼ਦੂਰਾਂ ਨਾਲੋਂ ਵੀ ਟੁੱਟ ਜਾਂਦੇ ਹਨ ਅਤੇ ਬਹੁਤੀਆਂ ਰਿਸ਼ਤੇਦਾਰੀਆਂ ਤੋਂ ਵੀ ਟੁੱਟ ਜਾਂਦੇ ਹਨ ।

ਇਹ ਉੱਚੇ ਅਹੁਦਿਆਂ ਤੇ ਨੌਕਰੀਆਂ ਕਰਨ ਵਾਲੇ ਮਜ਼ਦੂਰਾਂ ਦੀ ਜਦੋਂ ਪ੍ਰਾਈਵੇਟ ਕੰਪਨੀਆਂ ਵਾਲਿਆਂ ਨੂੰ ਲੋੜ ਨਹੀਂ ਰਹਿੰਦੀ ਜਾਂ ਕੋਈ ਹੋਰ ਉਨ੍ਹਾਂ ਨੂੰ ਸਸਤਾ ਕਾਮਾ ਮਿਲ ਜਾਂਦਾ ਹੈ ਤਾਂ ਇਨ੍ਹਾਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਜਾਂਦਾ ਹੈ ਲ ਉਸ ਵੇਲੇ ਉਹ ਅਸਮਾਨ ਤੋਂ ਜ਼ਮੀਨ ਤੇ ਡਿਗਿਆ ਮਹਿਸੂਸ ਕਰਦੇ ਹਨ ਲ ਉਸ ਦਿਨ ਇਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਵੀ ਮਜ਼ਦੂਰ ਹੀ ਹਾਂ।

ਜਿਸ ਤਰਾਂ ਦੁਨੀਆਂ ਤੇ ਸਰਮਾਏਦਾਰੀ ਦਾ ਰਾਜ਼ ਹੈ ਅਤੇ ਮਜ਼ਦੂਰ ਆਪਣੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ, ਇਸ ਨੂੰ ਦੇਖਦਿਆਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਕਿਸੇ ਦੇ ਮਜ਼ਦੂਰੀ ਕਰਨ ਨਾਲੋਂ ਆਪਣੇ ਛੋਟੇ ਛੋਟੇ ਕੰਮ ਵਿਕਸਤ ਕਰਕੇ ਉਨ੍ਹਾਂ ਨੂੰ ਵੱਡੇ ਪੱਧਰ ਤੇ ਲਿਜਾਇਆ ਜਾ ਸਕਦਾ ਹੈ ।

ਛੋਟੇ ਕਾਰੋਬਾਰਾਂ ਨੂੰ ਵੱਡੇ ਪੱਧਰ ਤੇ ਲਿਜਾਣ ਲਈ ਲੱਖਾਂ ਜਾਂ ਕਰੋੜਾਂ ਰੁਪਈਆਂ ਦੀ ਲੋੜ ਨਹੀਂ ਪੈਂਦੀ ਲ ਜੇ ਲੋੜ ਪੈ ਵੀ ਜਾਵੇ ਤਾਂ ਬੈਂਕਾਂ ਦੀ ਮੱਦਦ ਲਈ ਜਾ ਸਕਦੀ ਹੈ ਜਾਂ ਬੈਂਕ ਤੋਂ ਕਰਜ਼ਾ ਲੈ ਕੇ ਵਰਤਿਆ ਜਾ ਸਕਦਾ ਹੈ ।

ਇਹ ਕਰਨ ਲਈ ਮਜ਼ਦੂਰ ਦਾ ਬਹੁਤਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਨਹੀਂ ਅਤੇ ਨਾ ਹੀ ਅੰਗਰੇਜ਼ੀ ਭਾਸ਼ਾ ਦੀ ਲੋੜ ਹੁੰਦੀ ਹੈ ਕਿਉਂਕਿ ਅੰਗਰੇਜ਼ੀ ਭਾਸ਼ਾ ਬੋਲਣ ਵਾਲੇ ਅਤੇ ਪੜ੍ਹੇ ਲਿਖੇ ਤਾਂ ਨੌਕਰੀਆਂ ਕਰਨ ਵਾਸਤੇ ਮਿਲ ਜਾਂਦੇ ਹਨ ਜਿਨ੍ਹਾਂ ਦੀ ਯੋਗਤਾ ਨੂੰ ਵਰਤਿਆ ਜਾ ਸਕਦਾ ਹੈ । ਮੇਰਾ ਮੰਨਣਾ ਹੈ ਕਿ ਵੱਡੀ ਗਿਣਤੀ ਦੀ ਮਜ਼ਦੂਰ ਜੰਮਣਾ ਮਜ਼ਬੂਰੀ ਹੋ ਸਕਦੀ ਹੈ ਅਤੇ ਮਜ਼ਦੂਰ ਮਰਨਾ ਮਜ਼ਬੂਰੀ ਨਹੀਂ ਹੋਣੀ ਚਾਹੀਦੀ ।

ਦੁਨੀਆਂ ਤੇ ਵੱਡੀ ਗਿਣਤੀ ਮੁਲਕਾਂ ਵਿੱਚ ਕਾਰੋਬਾਰੀਆਂ ਅਤੇ ਉੱਚੇ ਅਹੁਦਿਆਂ ਤੇ ਨੌਕਰੀ ਕਰਨ ਵਾਲਿਆਂ ਲਈ ਵੱਖ ਵੱਖ ਕਨੂੰਨ ਹਨ । ਕਾਰੋਬਾਰੀਆਂ ਲਈ ਸਹੂਲਤਾਂ ਅਤੇ ਨੌਕਰੀਆਂ ਵਾਲੇ ਉਨ੍ਹਾਂ ਸਹੂਲਤਾਂ ਤੋਂ ਬਾਂਝੇ ਰਹਿ ਜਾਂਦੇ ਹਨ ।

ਮੇਰੀਆਂ ਆਪਣੀਆਂ ਕੰਪਨੀਆਂ ਜਾਂ ਜਿਨ੍ਹਾਂ ਕੰਪਨੀਆਂ ਦੀ ਮੈਂ ਮੈਨੇਜਮੈਂਟ ਕੀਤੀ ਵਿੱਚ ਹਜ਼ਾਰਾਂ ਮਜ਼ਦੂਰਾਂ ਨੇ ਨੌਕਰੀਆਂ ਕੀਤੀਆਂ । ਸਾਰੇ ਮਜ਼ਦੂਰਾਂ ਨੂੰ ਇਹ ਦੱਸਿਆ ਜਾਂਦਾ ਸੀ ਕਿ ਤੁਸੀਂ ਦੂਜੇ ਦੇ ਕੰਮ ਕਰਕੇ ਕਦੇ ਵੀ ਅਮੀਰ ਨਹੀਂ ਹੋ ਸਕਦੇ ਲ ਮਜ਼ਦੂਰਾਂ ਨੂੰ ਮੇਰੇ ਵਲੋਂ ਇਹ ਦੱਸਣ ਦਾ ਮਕਸਦ ਇਹੀ ਸੀ ਕਿ ਮਜ਼ਦੂਰ ਸਾਰੀ ਉਮਰ ਮਜ਼ਦੂਰੀ ਕਰਦੇ ਨਾ ਮਰ ਜਾਣ ਬਲਕਿ ਇਹ ਵੀ ਆਪਣੀ ਆਰਥਿਕ ਤਰੱਕੀ ਕਰਨ ।ਜਿਸ ਤਰਾਂ ਇੱਕ ਅਧਿਆਪਕ ਦੇ ਪੜ੍ਹਾਏ ਬੱਚੇ ਸਾਰੇ ਇੱਕੋ ਜਿਹੇ ਨਹੀਂ ਨਿਕਲਦੇ ਇਸੇ ਤਰਾਂ ਹੀ ਮੇਰੇ ਨਾਲ ਹੋਈ ਲ ਬਹੁਤ ਸਾਰੇ ਮਜ਼ਦੂਰਾਂ (ਹਜ਼ਾਰਾਂ) ਨੂੰ ਇਹ ਗੱਲ ਸਮਝ ਲੱਗ ਗਈ ਅਤੇ ਉਹ ਵੱਖ ਵੱਖ ਮੁਲਕਾਂ ਵਿੱਚ ਕਾਮਯਾਬ ਕਾਰੋਬਾਰੀ ਬਣੇ ਅਤੇ ਜਿਨ੍ਹਾਂ ਨੂੰ ਮੇਰੀ ਗੱਲ ਸਮਝ ਨਹੀਂ ਲੱਗੀ ਜਾਂ ਜਿਨ੍ਹਾਂ ਨੇ ਖੁਦ ਨੂੰ ਨਹੀਂ ਬਦਲਿਆ ਉਹ ਅੱਜ ਵੀ ਨੌਕਰੀਆਂ ਜਾਂ ਮਜ਼ਦੂਰੀ ਕਰਦੇ ਹਨ । ਮੈਂ ਸਾਰੇ ਮਜ਼ਦੂਰਾਂ ਜਾਂ ਨੌਕਰੀਆਂ ਕਰਨ ਵਾਲਿਆਂ ਨੂੰ ਦਿਲੋਂ ਪਿਆਰ ਕਰਦਾ ਹਾਂ ਅਤੇ ਮੇਰੇ ਵਲੋਂ ਸਾਰੇ ਕਿਰਤੀਆਂ ਨੂੰ ਸਲੂਟ ਹੈ ।



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਜੰਗ ਕੋਈ ਮਜ਼ਾਕ ਨਹੀਂ?

ਚੈਨਲਾਂ ਵਾਲਿਓ ਐਵੇਂ ਜੰਗ - ਜੰਗ ਨਾ ਕੂਕੀ ਜਾਓ, ਬੜੇ ਖ਼ੁਸ਼ ਹੋ ਹੋ ਕਿ ਜੰਗ ਦੀਆਂ ਗੱਲਾਂ ਕਰ ਰਹੇ ਹੋ ਕਦੇ ਉਹਨਾਂ ਲੋਕਾਂ ਨੂੰ, ਉਹਨਾਂ ਘਰਾਂ ਨੂੰ ਪੁੱਛ ਕੇ ਵੇਖਣਾ, ਜਿਹਨਾਂ ਨੇ ਜੰਗ ਦਾ ਸੰਤਾਪ ਹੰਢਾਇਆ ਹੈ। ਜਿੰਨ੍ਹਾਂ ਆਪਣੇ ਅੱਖੀਂ ਜੰਗ ਦੇ ਹਾਲਾਤ ਵੇਖੇ ਨੇ, ਉਹਨਾਂ ਦੇ ਜੰਗ ਦਾ ਨਾਂ ਸੁਣਦਿਆਂ ਸਾਹ ਰੁੱਕ ਜਾਂਦੇ ਹਨ। ਸਵਾਣੀਆਂ ਹੱਥੋਂ ਭਾਂਡੇ ਡਿੱਗਣ ਲੱਗ ਜਾਂਦੇ ਨੇ, ਘਰ 'ਚ ਕਿਸੇ ਨੂੰ ਰੋਟੀ ਚੰਗੀ ਨਹੀਂ ਲਗਦੀ। ਜੰਗ ਤਾਂ ਸ਼ਾਨਾਂ ਦਾ ਭੇੜ ਹੁੰਦਾ ਹੈ ਪਤਾ ਨਹੀਂ ਇਹਦਾ ਰੁਖ਼ ਕਿਧਰ ਨੂੰ ਝੁਕ ਜਾਵੇ। 1971 ਦੀ ਭਾਰਤ ਪਾਕਿ ਜੰਗ ਦਾ ਹਾਲ ਪੰਜਾਬ ਦੇ ਬਾਰਡਰ ਨੇੜਲੇ ਪਿੰਡਾਂ ਤੋਂ ਜਾਣ ਸਕਦੇ ਹੋ। ਇਹ ਕਈ ਰਜਾਈਆਂ 'ਚ ਬੈਠੇ ਜੰਗ -ਜੰਗ ਕੂਕਦੇ ਨੇ,ਕਈ ਚੈਨਲ ਡੈਸਕਾਂ ਤੇ ਜੰਗ ਦੀ ਮੰਗ ਕਰਦੇ ਨੇ, ਮੇਰੇ ਖ਼ਿਆਲ ਇਨ੍ਹਾਂ ਨੂੰ ਕਦੇ ਦੋ ਘੰਟੇ ਬਾਰਡਰ ਛੱਡ ਦੇਣਾ ਚਾਹੀਦਾ ਹੈ, ਇਹ ਗਰਮੀ ਅਤੇ ਉੱਗੇ ਸਲਵਾੜ ਚ ਦੋ ਮਿੰਟ ਨਹੀਂ ਰਹਿ ਸਕਣਗੇ। ਜੰਗ ਸਮੇਂ ਜਦੋਂ ਬੇਗ਼ਾਨੇ ਪੁੱਤ ਚੜਦੇ ਆਉਂਦੇ ਆ , ਇਧਰੋਂ ਵੀ ਸੇਰ ਨੂੰ ਸਵਾ ਸੇਰ ਬਣਕੇ ਟੱਕਰਨਾ ਪੈਂਦਾ ਹੈ। ਫਿਰ ਜਿਗਰਾ ਚਾਹੀਦਾ, ਜਨੂੰਨ ਚਾਹੀਦਾ, ਅਭਿਆਸ ਚਾਹੀਦਾ, ਵਧੀਆ ਜੰਗਜੂ ਖਿਡਾਰੀ ਚਾਹੀਦੇ ਆ, ਵਧੀਆ ਕੈਪਟਨ ਚਾਹੀਦੇ ਆ ਅਤੇ ਵਧੀਆ ਜੰਗ ਦਾ ਸਾਜ਼ੋ ਸਾਮਾਨ ਚਾਹੀਦਾ। ਜੰਗ ਵਿੱਚੋਂ ਜ਼ਰੂਰੀ ਨਹੀਂ ਲੜ ਰਹੀ ਪਲਟਨ ਪੂਰੀ ਜਿਉਂਦੀ ਵਾਪਸ ਆ ਕੇ ਮਿਲੇਗੀ। ਦੂਆ ਕਰੀਏ ਜੰਗ ਨਾ ਹੋਵੇ, ਵਿਨਾਸ਼ ਤੋਂ ਬਚ ਜਾਈਏ।

ਮੇਰੇ ਪਿਤਾ ਜੀ ਭਾਰਤੀ ਫ਼ੌਜ ਦੀ ਈ ਐਮ ਈ ਕੋਰ ਵਿੱਚ ਸਿਪਾਹੀ ਸਨ। ਉਨ੍ਹਾਂ ਨੇ 1965 ਅਤੇ 1971 ਦੀਆਂ ਭਾਰਤ -ਪਾਕਿ ਜੰਗਾਂ ਵਿੱਚ ਹਿੱਸਾ ਲਿਆ ਸੀ। ਛੋਟੇ ਹੁੰਦਿਆਂ ਇਹਨਾਂ ਲੜਾਈਆਂ ਦੀਆਂ ਡਰਾਉਣੀਆਂ ਗੱਲਾਂ ਦਾਦੀ ਜੀ ਤੋਂ ਅਤੇ ਮਾਤਾ ਜੀ ਤੋਂ ਸੁਣਦੇ ਸਾਂ ਤਾਂ ਸਮਾਂ ਯਾਦ ਕਰਦਿਆਂ ਅੱਜ ਵੀ ਡਰ ਲੱਗਣ ਲੱਗਦਾ ਹੈ। 1965 ਦੀ ਭਾਰਤ -ਪਾਕਿ ਜੰਗ ਸਮੇਂ ਪਿਤਾ ਜੀ ਅਸਾਮ ਵਿੱਚ ਸਨ । ਦਾਦੀ ਜੀ ਦੱਸਦੇ ਹੁੰਦੇ ਸਨ ਕਿ ਮੈਂ ਆਪਣੇ ਇਕੱਲੇ ਪੁੱਤ ਲਈ ਕਿਵੇਂ ਸੁੱਖਾਂ ਸੁਖਦੀ ਅਤੇ ਮੰਨਤਾਂ ਮੰਗਦੀ ਸਾਂ। ਪਿਤਾ ਜੀ ਪਰਿਵਾਰ ਵਿੱਚ ਇਕੱਲੇ ਹੀ ਮਰਦ ਸਨ। ਸਾਡੇ ਦਾਦਾ ਜੀ ਪਾਪਾ ਜੀ ਦੇ ਨੌਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਫੌਤ ਪਾ ਗਏ ਸਨ। ਪਿੱਛੇ ਪਰਿਵਾਰ ਵਿੱਚ ਭੂਆ, ਦਾਦੀ ਅਤੇ ਪਲੇਗ ਦੀ ਬਿਮਾਰੀ ਵਿੱਚ ਪੂਰਾ ਪਰਿਵਾਰ ਗੁਆ ਕੇ ਆਪਣੀ ਧੀ ਘਰ ਰਹਿੰਦੀ ਪਿਤਾ ਜੀ ਦੀ ਨਾਨੀ ਜੀ ਸਨ। ਇੱਕੋ ਇੱਕ ਕਮਾਊ ਪੁੱਤ ਉਹ ਵੀ ਜੰਗ ਲੜਨ ਗਿਆ ਹੋਇਆ ਸੀ। ਆਂਢ ਗੁਆਂਢ ਫੌਜੀ ਦੀ ਮਾਂ ਆਖ ਬਹਾਦਰ ਬਣਨ ਲਈ ਕਹਿੰਦਾ ਤਾਂ ਦਾਦੀ ਦੁਖੀ ਹੁੰਦੇ ਲੋਕਾਂ ਨੂੰ ਆਖਦੇ ਤੁਸੀਂ ਕਿਵੇਂ ਆਪਣਿਆਂ ਦਾ ਸਵੇਰ ਸ਼ਾਮ ਨੂੰ ਮੂੰਹ ਵੇਖ ਲੈਂਦੇ ਹੋ। ਮੇਰਾ ਇੱਕੋ ਇੱਕ ਜੰਗ ਦੀ ਅੱਗ ਦਾ ਸੇਕ ਸਹਿ ਰਿਹਾ ਹੈ। ਇਹ ਜੰਗ ਦੀਆਂ ਗੱਲਾਂ ਚੇਤੇ ਚੋਂ ਨਹੀਂ ਵਿਸਰਦੀਆਂ।

1971 ਦੀ ਜੰਗ ਵੇਲੇ ਪਿਤਾ ਜੀ ਪਟਿਆਲਾ ਕੈਂਟ ਸਨ, ਮਾਤਾ ਜੀ ਵੀ ਨਾਲ ਹੀ ਸਨ। ਜੰਗ ਦਾ ਐਲਾਨ ਹੁੰਦਿਆਂ ਹੀ ਮਾਤਾ ਜੀ ਨੂੰ ਘਰ ਵਾਪਸ ਭੇਜ ਦਿੱਤਾ। ਪਿੱਛੇ ਪਰਿਵਾਰ ਵਿੱਚ ਕੋਈ ਮਰਦ ਮੈਂਬਰ ਨਹੀਂ ਸੀ ਕਿ ਪਰਿਵਾਰ ਨੂੰ ਹੋਂਸਲਾ ਦਿੰਦਾ। ਪਿਤਾ ਜੀ ਦੀ ਕੋਰ ਸਾਂਬਾ ਸੈਕਟਰ ਵਿਖੇ ਸੀ। ਪਰਿਵਾਰ ਲੜਾਈ ਸਮੇਂ ਸਹਿਮਿਆ ਰਹਿੰਦਾ, ਘਰ ਵਿੱਚ ਸਾਰਿਆਂ ਦੇ ਸਾਹ ਸੂਤੇ ਰਹਿੰਦੇ ਸਨ। ਚਿੱਠੀਆਂ ਪਾਉਂਦੇ ਰਹਿੰਦੇ, ਜਵਾਬ ਉਡੀਕਦੇ ਰਹਿੰਦੇ। ਆਂਢ ਗੁਆਂਢ ਵਿੱਚ ਕੋਈ ਚਿੱਠੀ ਲਿਖਣ ਲਈ ਵੀ ਲੱਭਣਾ ਪੈਂਦਾ ਸੀ। ਜੰਗ ਖਤਮ ਹੋਣ ਤੋਂ ਬਾਅਦ ਚਿੱਠੀ ਦੀ ਉਡੀਕ ਹੋਰ ਵੀ ਉਤੇਜਨਾ ਵਧਾ ਦਿੰਦੀ ਅਤੇ ਫ਼ਿਕਰਮੰਦ ਕਰ ਦਿੰਦੀ। ਆਸ ਪਾਸ ਰਹਿੰਦਾ ਸ਼ਰੀਕਾ ਲੰਘਦੇ ਵੜਦੇ ਦਾਦੀ ਜੀ ਨੂੰ ਬਹਾਦਰ ਫ਼ੌਜੀ ਦੀ ਮਾਂ ਹੋ ਅਤੇ ਮਾਤਾ ਨੂੰ ਫੌਜਣ ਕਹਿ ਕੇ ਖਚਰੀ ਹਾਸੀ ਹੱਸਦਿਆਂ ਹੌਸਲਾ ਦੇਣ ਦੀ ਕੋਸ਼ਿਸ਼ ਕਰਦਾ। ਪਰਿਵਾਰ ਤੋਂ ਇਲਾਵਾ ਰਿਸ਼ਤੇਦਾਰ ਵੀ ਪਿਤਾ ਜੀ ਲਈ ਅਰਦਾਸ ਕਰਦੇ ਕਿ ਸੁੱਖਸਾਂਦ ਨਾਲ ਘਰ ਪਰਤ ਆਉਣ।

ਪਿਤਾ ਜੀ ਵੀ ਕਈ ਵਾਰੀ ਜੰਗ ਦੀ ਅੱਗ ਬਾਰੇ ਭਾਵੁਕ ਹੋ ਜਾਂਦੇ ਕਿ ਕਿਵੇਂ ਸ਼ਕਰਗੜ੍ਹ (ਪਾਕਿਸਤਾਨ ) ਨੇੜੇ ਭਾਰਤੀ ਫ਼ੌਜ ਵੱਲੋਂ ਜਿੱਤੇ ਇਲਾਕਿਆਂ ਦਾ ਸਥਾਨਕ ਭਾਰਤੀਆਂ ਨੇ ਕਿਵੇਂ ਫਾਇਦਾ ਉਠਾਇਆ। ਆਪਣੇ ਲੋਕ ਬਾਰਡਰ ਨੇੜਲੇ ਕੱਚੇ ਘਰਾਂ ਦੇ ਕੜੀ,ਬਾਲੇ ਅਤੇ ਸ਼ਤੀਰੀਆਂ ਤੱਕ ਉਤਾਰ ਲਿਆਉਂਦੇ ਸਨ। ਹੋਰ ਵੀ ਨਿੱਕ ਸੁੱਕ ਲੁੱਟ ਲਿਆਉਂਦੇ ਸਨ।

ਅੱਜ ਦੇ ਸਮੇਂ ਜਦੋਂ ਦੋਵੇਂ ਮੁਲਕ ਪਰਮਾਣੂ ਬੰਬਾਂ ਦੀ ਸ਼ਕਤੀ ਨਾਲ ਲੈਸ ਹਨ ਤਾਂ ਜੰਗ ਦੀ ਮੰਗ ਬੁਜ਼ਦਿਲ ਲੋਕ ਹੀ ਕਰ ਰਹੇ ਹਨ। ਮੇਰੇ ਪਰਿਵਾਰ ਵਿੱਚ ਪਿਤਾ ਜੀ ਅਤੇ ਛੋਟਾ ਭਰਾ ਭਾਰਤੀ ਫ਼ੌਜ ਵਿਚੋਂ ਸੇਵਾ ਮੁਕਤ ਹੋਏ ਹਨ । ਅਸੀਂ ਕਦੇ ਵੀ ਜੰਗ ਦੀ ਸਰਾਹਨਾ ਨਹੀਂ ਕਰਦੇ। ਮੇਰੇ ਤੋਂ ਇਲਾਵਾ ਕਿਸੇ ਵੀ ਸੈਨਿਕ ਦਾ ਪਰਿਵਾਰ ਜੰਗ ਨਹੀਂ ਚਾਹੁੰਦਾ। ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਰੀਲਾਂ ਬਣਾ ਕੇ ਪਾਉਣ ਵਾਲਿਓ ਇਹ ਜਾਣ ਲੈਣਾ ਕਿ ਜ਼ਰੂਰੀ ਨਹੀਂ ਜੰਗ ਲੜਨ ਗਿਆ ਸੈਨਿਕ ਪੂਰਾ ਸਰੀਰ ਲੈ ਕੇ ਵਾਪਸ ਆਵੇ। ਕਈ ਸੈਨਿਕਾਂ ਦੀ ਤਾਂ ਡੈੱਡ ਬਾਡੀ ਵੀ ਆਪਣਿਆਂ ਨੂੰ ਨਸੀਬ ਨਹੀਂ ਹੁੰਦੀ। ਬਹੁਤ ਸਾਰੇ ਸੈਨਿਕ ਲਾਪਤਾ ਹੋ ਜਾਂਦੇ ਹਨ, ਪਰਿਵਾਰ ਨਾ ਜਿਉਂਦਾ ਕਹਿ ਸਕਦਾ ਨਾ ਸ਼ਹੀਦ ਹੋਣ ਦੀ ਸ਼ਰਧਾਂਜਲੀ ਦੇ ਸਕਦਾ ਹੈ। ਇਸੇ ਲਈ ਕਹਿੰਦੇ ਹਾਂ ਜੰਗ ਕੋਈ ਮਜ਼ਾਕ ਨਹੀਂ। ਅਮਨ ਦੀ ਕਾਮਨਾ ਕਰੋ। ਬਾਰਡਰ ਦੇ ਦੋਵੇਂ ਪਾਸੇ ਅਮਨ ਚੈਨ ਰਹੇ।ਜੇ ਗੁਆਂਢੀ ਸੁਖੀ ਹੋਵੇਗਾ ਤਾਂ ਆਪਾਂ ਵੀ ਸੁਖੀ ਰਹਾਂਗੇ। ਦੇਸ਼ ਪਛੜ ਜਾਂਦਾ ਹੈ ਅਤੇ ਨਤੀਜੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣੇ ਪੈਂਦੇ ਹਨ।



**ਰਜਿੰਦਰ ਸਿੰਘ ਰਾਜਨ**
ਗੁਰੂ ਗੋਬਿੰਦ ਸਿੰਘ ਨਗਰ
ਗਲੀ ਨੰ:1 ਹਰੇੜੀ ਰੋਡ
ਸੰਗਰੂਰ।
9876184954

# ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਵਿਸ਼ੇਸ਼

## ਮਿੱਟੀ ਨਾ.ਲ ਮਿੱਟੀ ਹੁੰਦੇ ਲੋਕ

ਭਾਰਤ ਵਿੱਚ ਮਈ ਦਾ ਦਿਹਾੜਾ 1 ਮਈ 1923 ਈ.ਨੂੰ ਚੇਨੱਈ ਵਿਖੇ ਮਨਾਇਆ ਗਿਆ। ਜਿਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕੀਤਾ। ਇਸ ਦਿਨ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਾਰਾਵੇਲੂ ਚੇਟਿਆਰ ਦੁਆਰਾ ਕੀਤੀ ਗਈ। ਭਾਰਤ ਵਿੱਚ ਮਦਰਾਸ ਹਾਈ ਕੋਰਟ ਦੇ ਸਾਹਮਣੇ ਇੱਕ ਵਿਸ਼ਾਲ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕੀਤਾ ਗਿਆ ਇਸ ਨੂੰ ਕਾਮੇ ਦਿਵਸ ਵਜੋਂ ਮਨਾਇਆ ਜਾਵੇਗਾ। ਅਤੇ ਮਜ਼ਦੂਰ ਵਰਗ ਹੱਕਾਂ ਅਤੇ ਉਸ ਹਾਲਾਤਾਂ ਨੂੰ ਸਾਜ਼ਗਾਰ ਬਣਾਉਣ ਲਈ ਯਤਨਸ਼ੀਲ ਰਹੇਗਾ। ਪਰ ਹਲਾਤ ਅੱਜ ਵੀ ਜਿਉਂ ਦੇ ਤਿਉਂ ਬਣੇ ਹੋਏ ਹਨ।

ਮਿੱਟੀ ਨਾ.ਲ ਮਿੱਟੀ ਜਿੱਥੇ ਹੋਈ ਜਾਂਦੇ ਲੋਕ ਨੇ,
ਨੋਚ -ਨੋਚ ਖਾਂਦੇ ਜਿੱਥੇ ਗਿਰਜਾਂ ਤੇ ਜੋਕ ਨੇ ,
ਉੱਤੋਂ ਵੱਟਦੇ ਨੇ ਬਿਨਾਂ ਗੱਲੋਂ ਘੂਰੀਆਂ,
ਹਏ! ਮਜ਼ਦੂਰਾਂ ਦੀਆਂ ਮਜ਼ਬੂਰੀਆਂ

ਸੱਚ ਮੁੱਚ ਹੀ ਇਹ ਸਥਿਤੀ ਅੱਜ ਜਿਉਂ ਦੀ ਤਿਉਂ ਹੀ ਖੜ੍ਹੀ ਹੈ, ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਗਰੀਬ ਦਿਨੋਂ -ਦਿਨ ਹੋਰ ਗਰੀਬ ਹੁੰਦੇ ਜਾ ਰਹੇ ਹਨ ।ਨਾ ਉਨ੍ਹਾਂ ਦੀ ਅਜ਼ਾਦੀ ਤੋਂ ਪਹਿਲਾਂ ਕਿਸੇ ਨੇ ਸਾਰ ਲਈ ਨਾ ਅਜ਼ਾਦੀ ਤੋਂ ਬਾਅਦ ਕਿਸੇ ਨੇ ਇਨ੍ਹਾਂ ਦੀ ਦਸ਼ਾ ਬਾਰੇ ਸੋਚਿਆ। ਹਾਲਾਤ ਇਹ ਨੇ ਕਿ ਅੱਧੀ ਤੋਂ ਜ਼ਿਆਦਾ ਆਬਾਦੀ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੀ। ਜਿਸ



ਕੋਲ ਰਹਿਣ ਨੂੰ ਨਾ ਛੱਤ ਤੇ ਨਾ ਤਨ ਢੱਕਣ ਨੂੰ ਕੱਪੜਾ।

ਸਾਰੇ ਹੀ ਕਾਰੋਬਾਰੀਆਂ, ਕਰਮਚਾਰੀਆਂ, ਨੇਤਾਵਾਂ ਦੇ ਕੰਮ ਧੰਦੇ ਦੇ ਘੰਟੇ ਨਿਸ਼ਚਿਤ ਕੀਤੇ ਗਏ ਹਨ। ਪਰ ਇੱਕ ਮਜ਼ਦੂਰ ਹੈ। ਜਿਸ ਦਾ ਨਾ ਸਮਾਂ ਅਤੇ ਨਾ ਹੀ ਉਜਰਤ ਨਿਸ਼ਚਿਤ ਹੈ।ਹਰ ਕੋਈ ਇਸ ਦਾ ਖੂਨ ਪੀਣ ਨੂੰ ਫਿਰਦਾ ਹੈ। ਪਤਾ ਨਹੀਂ ਕਿਹੜੀ ਮਿਠਾਸ ਹੈ ਇਸ ਦੇ ਖੂਨ ਵਿੱਚ ਜੋ ਹਰ ਕੋਈ ਇਸ ਦੇ ਘੁੱਟ ਭਰਦਾ ਹੈ।ਰਹਿੰਦੀ ਖੂੰਹਦੀ ਕਸਰ ਮਹਿੰਗਾਈ ਨੇ ਕੱਢ ਦਿੱਤੀ

ਜਿਸ ਦਿਨ ਨੂੰ ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਕਿਰਤੀ ਕਾਮਿਆਂ ਨੇ ਆਪਣੇ ਕੰਮ ਅਤੇ ਉਜ਼ਰਤਾਂ ਦੇ ਮੁੱਲ ਸਥਾਪਿਤ ਕਰਨ ਲਈ ਅਤੇ ਕੰਮ ਦੇ ਘੰਟੇ ਨਿਸ਼ਚਿਤ ਕਰਨ ਤੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਕੁਰਬਾਨੀਆਂ ਦਿੱਤੀਆਂ। ਉਹ ਮਸਲੇ ਅੱਜ ਵੀ ਮਜ਼ਦੂਰ ਦੀ ਤ੍ਰਸਾਦੀ ਦਾ ਮਜ਼ਾਕ ਉਡਾ ਰਹੇ ਹਨ। ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਮਜ਼ਦੂਰਾਂ ਦੀ ਹਾਲਤ ਤਰਸਯੋਗ ਹੈ। ਕਾਰ-ਪੋਰੇਟ ਘਰਾਣਿਆਂ ਦੇ ਚੁੰਗ.ਲ ਫਸੀਆਂ ਸਰਕਾਰਾਂ ਮਜ਼ਦੂਰ ਵਰਗ ਦੀਆਂ ਮੁਸਕਲਾਂ ਨੂੰ ਦਰ ਕਿਨਾਰ ਕਰਕੇ ਆਪਣੇ ਮੁਫ਼ਾਦਾਂ ਦੇ ਲਈ ਸਭ ਕਾਨੂੰਨ ਛਿੱਕੇ ਟੰਗ ਕੇ ਮਜ਼ਦੂਰ ਵਰਗ ਲਤਾੜਣ ਤੇ ਨਪੀੜਨ ਦਾ ਕੰਮ ਕਰ ਰਹੀ ਹੈ। ਅਜਿਹੇ ਵਿੱਚ ਇੱਕ ਮਹਾਨ ਫਿਲਾਸਫ਼ਰ ਦਾ ਕਥਨ ਯਾਦ ਆਉਂਦਾ ਹੈ ਕਿ,"ਐ ਦੁਨੀਆ ਭਰ ਦੇ ਸਾਰੇ ਮਜ਼ਦੂਰੋ ਇੱਕ ਹੋ ਜਾਓ।" ਸੱਚ ਮੁੱਚ ਕਿਰਤੀ ਕਾਮਿਆਂ ਨੂੰ ਆਪਣੇ ਹੱਕਾਂ ਦੇ ਇੱਕ -ਜੁੱਟ ਅਤੇ ਆਪਣੇ ਨਿੱਜੀ ਮੱਤ ਭੇਦ ਮਿਟਾ ਕੇ ਇੱਕ ਝੰਡੇ ਥੱਲੇ ਇਕੱਤਰ ਹੋਣ ਦੀ ਲੋੜ ਹੈ।ਲੋਕ ਲਹਿਰ ਉਸਾਰਨ ਦੀ ਲੋੜ ਹੈ।



**ਰਣਬੀਰ ਸਿੰਘ ਪ੍ਰਿੰਸ**
37/1 ਬਲਾਕ ਡੀ 1 ਆਫ਼ਿਸਰ ਕਾਲੋਨੀ
ਸੰਗਰੂਰ 9872299613

# ਬੁੱਧ ਚਿੰਤਨ: ਮਈ ਦਿਵਸ ਨੂੰ ਯਾਦ ਕਰਦਿਆਂ





ਬੁੱਧ ਸਿੰਘ ਨੀਲੋਂ
9464370824

**ਕਿਰਤੀ ਲੋਕ ਕਦੋਂ ਜਾਗਣਗੇ ?**

ਇਹਨਾਂ ਸਮਿਆਂ ਵਿੱਚ ਜੇ ਸਭ ਤੋਂ ਵਧੇਰੇ ਦੁੱਖ ਝੱਲਦੇ ਹਨ ਤਾਂ ਉਹ ਕਿਰਤੀ ਵਰਗ ਹੈ, ਕਿਉਂਕਿ ਉਸ ਕੋਲੋਂ ਜ਼ਿੰਦਗੀ ਜਿਊਣ ਦੇ ਸਾਰੇ ਹੀ ਸਾਧਨ ਖੋਏ ਜਾ ਰਹੇ ਹਨ। ਵੱਡੀਆਂ ਫੈਕਟਰੀਆਂ ਵਿੱਚ ਸਵੈਚਾਲਕ ਮਸ਼ੀਨਾਂ ਆਉਣ ਨਾਲ ਕਰੋੜਾਂ ਮਜ਼ਦੂਰਾਂ ਕੋਲੋਂ ਜ਼ਿੰਦਗੀ ਖੋਹੀ ਜਾ ਰਹੀ ਹੈ। ਬਹੁਕੌਮੀ ਕੰਪਨੀਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਖੇਤੀਬਾੜੀ ਦੇ ਖੇਤਰ ਵਿਚੋਂ ਬੇਦਖ਼ਲ ਕਰਨ ਲਈ ਨਵੀਆਂ ਨੀਤੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਕਰਕੇ ਦੁਨੀਆਂ ਭਰ ਵਿੱਚ ਕਿਰਤੀ ਵਰਗ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ। ਦੇਸ਼ ਵਿੱਚ ਕਿਰਤੀ ਵਰਗ ਨੂੰ ਉਜਾੜਣ ਲਈ ਸਰਕਾਰਾਂ ਹੀ ਨਹੀਂ ਪਿੰਡਾਂ ਦੀ ਪੰਚਾਇਤਾਂ ਵੀ ਨਾਦਰਸ਼ਾਹੀ ਫ਼ੁਰਮਾਨ ਜਾਰੀ ਕਰਨ ਲੱਗੀਆਂ ਹਨ ਤਾਂ ਕਿਰਤੀ ਵਰਗ ਨੂੰ ਜਰੂਰ ਸੁਚੇਤ ਹੋਣ ਦੀ ਲੋੜ ਹੈ। ਹੁਣ ਵੀ ਜੇ ਕਿਰਤੀ ਨਾ ਜਾਗਿਆ ਤਾਂ ਉਹਨਾਂ ਨੂੰ ਨਰਕ ਵਿੱਚੋਂ ਕੋਈ ਤਾਕਤ ਨਹੀਂ ਕੱਢ ਸਕਦੀ।

ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਕਰਨ ਵਾਲਿਆਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ, ਪਰ ਜਿਹੜੇ ਬਾਕੀ ਦਾ ਕਿਰਤੀ ਵਰਗ ਹਨ, ਉਨ੍ਹਾਂ ਨੂੰ ਆਟਾ ਹਾਸਲ ਕਰਨ ਲਈ ਨਿੱਤ ਖੂਹ ਪੁੱਟ ਕੇ ਪਾਣੀ ਪੀਣਾ ਪੈਂਦਾ ਹੈ। ਰੋਜ਼ਾਨਾ ਸਖ਼ਤ ਮਿਹਨਤ ਕਰਨੀ ਪੈਂਦੀ ਹੈ। 'ਮੀਂਹ ਜਾਵੇ ਨੇਰੀ ਆਵੇ' ਉਨਾਂ ਲਈ ਰੁਕਾਵਟ ਨਹੀਂ ਬਣਦੀ। ਇਨ੍ਹਾਂ ਲਈ ਖੂਹ ਕਿੱਥੇ, ਕਦੋਂ ਤੇ ਕਿੰਨਾਂ ਡੂੰਘਾ ਪੁੱਟਣਾ ਹੈ, ਇਸ ਦੀ ਵੀ ਖ਼ਬਰ ਨਹੀਂ ਹੁੰਦੀ। ਉਨ੍ਹਾਂ ਨੂੰ ਤਾਂ ਸ਼ਿਕਾਰੀ ਵਾਂਗ ਹੱਥਿਆਰ ਤੇ ਔਜ਼ਾਰ ਲੈ ਕੇ ਹਰ ਰੋਜ਼ ਰੋਟੀ ਦੀ ਭਾਲ ਵਿਚ ਜਾਣਾ ਪੈਂਦਾ ਹੈ।

ਅੱਗਿਓਂ ਕੀ ਹਾਸਲ ਹੁੰਦਾ ਹੈ? ਇਹ ਵੀ ਪਤਾ ਨਹੀਂ ਹੁੰਦਾ। ਕਦੀ ਤਾਂ ਕੰਮ ਵੱਡਾ ਵੀ ਮਿਲ ਜਾਂਦਾ ਹੈ, ਕਈ ਵਾਰੀ ਸਾਰੀ ਦਿਹਾੜੀ ਭਰ ਮਿਹਨਤ ਕਰਨ ਤੇ ਕੁੱਝ ਵੀ ਨਹੀਂ ਹੱਥ ਲਗਦਾ ਪਰ ਉਹ ਕਦੇ ਨਿਰਾਸ਼ ਨਹੀਂ ਹੁੰਦੇ, ਹਾਂ ਉਦਾਸ ਜਰੂਰ ਹੁੰਦੇ ਹਨ। ਉਨ੍ਹਾਂ ਦੀ ਹਾਲਤ 'ਬੁੱਢਾ ਤੇ ਸਮੁੰਦਰ' ਦੇ ਉਸ ਨਾਇਕ ਵਰਗੀ ਹੁੰਦੀ ਹੈ, ਜਿਹੜਾ ਆਸ ਨਹੀਂ ਛੱਡਦਾ। ਜਦੋਂ ਅਸੀਂ ਆਸ ਦਾ ਪੱਲਾ ਛੱਡ ਦਿੰਦੇ ਹਾਂ ਤਾਂ ਪੱਲਾ ਵੀ ਸਾਡੇ ਕੋਲੋਂ ਕੋਹਾਂ ਦੂਰ ਚਲੇ ਜਾਂਦਾ ਹੈ ਪਰ ਨਿੱਤ ਦੀ ਦਿਹਾੜੀ ਲਾਉਣ ਵਾਲਿਆਂ ਲਈ ਆਸ ਦਾ ਪੱਲਾ ਛੱਡਣਾ ਮੁਸ਼ਕਿਲ ਹੁੰਦਾ ਹੈ, ਉਨ੍ਹਾਂ ਨੂੰ ਆਪਣਾ ਹੀ ਨਹੀਂ ਸਗੋਂ ਪਰਿਵਾਰ ਦਾ ਫਿਕਰ ਹੁੰਦਾ ਹੈ।

ਉਹ ਨਿੱਤ ਆਪਣੇ ਦਿਨ ਦਾ ਸਫ਼ਰ ਮੂੰਹ ਹਨੇਰੇ ਤੋਂ ਕਰਦੇ ਹਨ ਤੇ ਮੂੰਹ ਹਨੇਰੇ ਹੀ ਆਪਣੇ ਘਰਾਂ ਨੂੰ ਪਰਤਦੇ ਹਨ, ਇਨ੍ਹਾਂ ਦੇ ਘਰਾਂ ਅੰਦਰ ਇਨ੍ਹਾਂ ਦੀ ਉਡੀਕ ਕਰਨ ਵਾਲੇ ਬਰੂਹਾਂ 'ਤੇ ਖੜੇ ਇੰਤਜ਼ਾਰ ਕਰਦੇ ਹਨ। ਉਨ੍ਹਾਂ ਲਈ ਘਰੋਂ ਗਿਆਂ ਦੀ ਉਡੀਕ ਕਰਨੀ ਉਨ੍ਹਾਂ ਦੇ ਜੀਵਨ ਦਾ ਹਿੱਸਾ ਹੁੰਦੀ ਹੈ। ਕਿਉਂਕਿ ਉਹਨਾਂ ਦੇ ਹਿੱਸੇ ਦੇ ਸੁਪਨੇ ਤੇ ਚਾਅ ਉਡਦੇ ਬਾਜ਼ ਲੈਣ ਗਏ ਹਨ।

ਉਨ੍ਹਾਂ ਦੀ ਜ਼ਿੰਦਗੀ ਕਿਸੇ ਨਰਕ ਦੇ ਨਾਲੋਂ ਘੱਟ ਨਹੀਂ ਹੁੰਦੀ ਪਰ ਉਹ ਆਪਣੇ ਜੀਵਨ ਵਿੱਚ ਆਈਆਂ, ਨਿੱਕੀਆਂ-ਨਿੱਕੀਆਂ ਖੁਸ਼ੀਆਂ ਨੂੰ ਕਦੇ ਵੀ ਹੱਥੋਂ ਨਹੀਂ ਜਾਣ ਦਿੰਦੇ, ਪਰ ਬਹੁਤੇ ਲੋਕ ਨਿੱਕੀਆਂ ਖੁਸ਼ੀਆਂ ਨੂੰ ਅੱਖੋਂ ਪਰੋਖੇ ਕਰਕੇ ਜਦੋਂ ਕਿਸੇ ਵੱਡੀ ਖੁਸ਼ੀ ਦੀ ਤਲਾਸ਼ ਵਿੱਚ ਨਿਕਲਦੇ ਹਨ ਤਾਂ ਉਹ ਭਟਕ ਜਾਂਦੇ ਹਨ, ਭਟਕਿਆ ਮਨੁੱਖ ਕਦੇ ਵੀ ਵਾਪਸ ਨਹੀਂ ਪਰਤਦਾ। ਉਸ ਲਈ ਜੰਗਲ ਹੀ ਅਜਿਹੀ ਗੁਫਾ ਬਣ ਜਾਂਦਾ ਹੈ, ਜਿੱਥੋਂ ਨਿਕਲਣ ਦਾ ਕੋਈ ਰਸਤਾ ਨਹੀਂ ਦਿਖਦਾ।

ਜ਼ਿੰਦਗੀ ਵਿੱਚ ਅਸੀਂ ਭਟਕਦੇ ਵਧੇਰੇ ਹਾਂ, ਸਹੀ ਰਸਤਿਆਂ ਉੱਤੇ ਘੱਟ ਤੁਰਦੇ ਹਾਂ। ਇਸੇ ਕਰਕੇ ਕਈ ਵਾਰ ਅਸੀਂ ਕੋਹਲੂ ਦੇ ਬਲ਼ਦ ਵਾਂਗ ਇੱਕ ਹੀ ਥਾਂ ਉੱਤੇ ਘੁੰਮੀਂ ਜਾਂਦੇ ਹਾਂ। ਨਾ ਸਫ਼ਰ ਮੁਕਦਾ ਹੈ ਤੇ ਨਾ ਹੀ ਭਟਕਣਾ ਮੁਕਦੀ ਹੈ। ਇਸ ਭਟਕਣਾਂ ਵਿੱਚ ਕਈ ਵਾਰ ਜ਼ਿੰਦਗੀ ਵੀ ਮੁੱਕ ਜਾਂਦੀ ਹੈ। ਬਾਅਦ ਵਿਚ ਉਸ ਜ਼ਿੰਦਗੀ ਦੇ ਨਾਲ ਜੁੜੀਆਂ ਕਥਾ-ਕਹਾਣੀਆਂ ਰਹਿ ਜਾਂਦੀਆਂ ਹਨ।

ਨਿੱਤ ਖੂਹ ਪੁਟਣ ਵਾਲਿਆਂ ਨੂੰ ਸਮਾਜ ਦੀਆਂ ਬਹੁਤ ਸਾਰੀਆਂ ਅਜਿਹੀਆਂ ਬੋਲੀਆਂ ਤੇ ਬੋਲ ਕਬੋਲ ਵੀ ਸੁਨਣੇ ਪੈਂਦੇ ਹਨ, ਜਿਹੜੇ ਉਨ੍ਹਾਂ ਨੇ ਕਦੇ ਸੋਚੇ ਵੀ ਨਹੀਂ ਹੁੰਦੇ, ਕਈ ਵਾਰ ਤਾਂ ਅਜਿਹੇ ਅਪ-ਸ਼ਬਦ ਵੀ ਸੁਨਣੇ ਪੈਂਦੇ ਹਨ, ਜਿਹੜੇ ਖੰਜਰ ਨਾਲੋਂ ਵੀ ਤਿੱਖੇ ਤੇ ਜ਼ਹਿਰ ਨਾਲੋਂ ਜ਼ਹਿਰੀਲੇ ਹੁੰਦੇ ਹਨ। ਪਰ ਉਨ੍ਹਾਂ ਲਈ ਤਾਂ ਇਹ ਸਭ ਕੁੱਝ ਸੁਨਣ ਦੀ ਇੱਕ ਆਦਤ ਬਣ ਜਾਂਦੀ ਹੈ।ਉਨ੍ਹਾਂ ਕੋਲ ਇਨ੍ਹਾਂ ਸ਼ਬਦਾਂ ਦੇ ਬਦਲੇ ਵਿੱਚ ਬੋਲਣ ਲਈ ਬੜਾ ਕੁੱਝ ਹੁੰਦਾ ਹੈ, ਪਰ ਢਿੱਡ ਦੀ ਮਜਬੂਰੀ, ਉਨ੍ਹਾਂ ਦੇ ਮੂੰਹ ਉੱਤੇ ਛਿੱਕਲੀ ਲਾ ਦਿੰਦੀ ਹੈ। ਨਿੱਤ ਖੂਹ ਪੁੱਟਣ ਵਾਲਿਆਂ ਵਿੱਚ ਕਿਰਤੀ ਲੋਕਾਂ ਵਿੱਚ ਸਬਜ਼ੀ ਵਾਲੇ, ਡੱਗੀ ਵਾਲੇ, ਪਾਨ ਵਾਲੇ, ਕੁਲਚਿਆਂ ਵਾਲੇ, ਮੋਚੀ , ਚੂੜੀਆਂ ਵੇਚਣ ਵਾਲੇ, ਕਬਾੜੀਏ, ਰਾਜ ਮਿਸਤਰੀ, ਤਰਖਾਣ, ਅਚਾਰ ਵੇਚਣ ਵਾਲੇ, ਮੱਝ-ਕੱਟਾ ਖਰੀਦਣ ਵਾਲੇ, ਗੋਲ ਗੱਪਿਆਂ ਵਾਲੇ, ਟਿੱਕੀਆਂ-ਬਰੈੱਡ-ਪਕੌੜੇ ਬਣਾਉਣ ਵਾਲੇ, ਚਾਹ-ਦੁੱਧ ਵਾਲੇ, ਪਰੌਠੇ ਦੀ ਰੇਹੜੀ ਵਾਲੇ, ਦਿਹਾੜੀਦਾਰ ਮਜ਼ਦੂਰ-ਸਫੈਦੀ ਕਰਨ ਵਾਲੇ, ਮਾਰਬਲ ਲਾਉਣ ਵਾਲੇ, ਲੁੱਕ ਪਾਉਣ ਵਾਲੇ, ਕਰਦਾਂ-ਚਾਕੂ ਤੇ ਜਿੰਦੇ ਕੁੰਜੀਆਂ ਲਗਾਉਣ ਵਾਲੇ, ਛੱਜ ਵੇਚਣ ਵਾਲੇ, ਪਾਨ ਬੀੜੀ ਵੇਚਣ ਵਾਲੇ, ਰੇਹੜੀ-ਫੜੀ ਲਗਾਉਣ ਵਾਲੇ, ਗਜ਼ਾ ਕਰਨ ਵਾਲੇ, ਭਾਂਡੇ-ਢੋਂਸੀ-ਬਰਫ਼-ਕੁਲਫੀਆਂ ਵੇਚਣ ਵਾਲੇ, ਦਾਣੇ-ਛੋਲੇ ਵੇਚਣ ਵਾਲੇ, ਦਹੀ ਵੇਚਣ ਵਾਲੇ, ਫਲੱਸ਼ਾਂ ਠੀਕ ਕਰਨ ਵਾਲੇ, ਗਲੀਆਂ ਵਿੱਚੋਂ ਕਾਗਜ਼ ਚੁੱਕਣ ਵਾਲੇ, ਲੋਹਾ ਚੁੱਕਣ ਵਾਲੇ, ਗੱਡੀਆਂ ਵਾਲੇ, ਤੱਸਲੇ-ਖੁਰਚਣੇ ਵੇਚਣ ਵਾਲੇ, ਤਸਲੇ ਵੇਚਣ ਤੇ ਥੱਲੇ ਲਗਾਉਣ ਵਾਲੇ, ਖਿਡੌਣੇ ਵੇਚਣ ਵਾਲੇ, ਬੱਸਾਂ ਤੇ ਗੱਡੀਆਂ ਵਿੱਚ ਖਾਣ-ਪੀਣ ਦਾ ਸਮਾਨ ਤੇ ਛੱਲੇ-ਮੁੰਦੀਆਂ, ਦਵਾਈ ਵੇਚਣ ਵਾਲੇ, ਸ਼ਰੀਰ ਤੇ ਨਾਮ ਖੁੱਬਣ ਵਾਲੀਆਂ-ਬੇਰ ਵੇਚਣ ਵਾਲੇ, ਮਿੱਟੀ ਦੇ ਭਾਂਡੇ ਵੇਚਣ ਵਾਲੇ, ਪਾਂਡੂ ਵੇਚਣ ਵਾਲੇ, ਸਾਗ-ਮੇਥੇ-ਪਾਲਕ ਵੇਚਣ ਵਾਲੇ, ਫਲ ਵੇਚਣ ਵਾਲੇ, ਹਜ਼ਾਮਤ ਕਰਨ ਵਾਲੇ, ਦਾਤਣਾਂ ਵੇਚਣ ਵਾਲੇ, ਪੁਰਾਣੇ ਕੱਪੜੇ ਵੇਚਣ ਵਾਲੇ, ਨਿੰਬੂ ਪਾਣੀ-ਸੋਡਾ ਵੇਚਣ ਵਾਲੇ, ਆਈਸ ਕਰੀਮ ਵੇਚਣ ਵਾਲੇ, ਗੱਡੀਆਂ ਠੀਕ ਕਰਨ ਵਾਲੇ, ਟਾਂਕੇ ਲਾਉਣ ਵਾਲੇ, ਰਿਕਸ਼ਾ-ਆਟੋ ਚਲਾਉਣ ਵਾਲੇ, ਜੁੱਤੀਆਂ ਵੇਚਣ ਵਾਲੇ, ਦਰੀਆਂ, ਚਾਦਰਾਂ ਵੇਚਣ ਵਾਲੇ ਸ਼ਾਮਲ ਹਨ। ਕਿਸਾਨ ਮਜ਼ਦੂਰ ਤੇ ਮੁਲਾਜ਼ਮ ਵਰਗ ਵੀ ਨਿੱਤ ਕਿਰਤ ਕਮਾਈ ਕਰਨ ਲਈ ਜਾਂਦਾ ਹੈ।

ਸਮਾਜਕ, ਆਰਥਿਕ, ਧਾਰਮਿਕ, ਰਾਜਨੀਤਿਕ ਸਿੱਖਿਆ ਦੀ ਨਾ ਬਰਾਬਰੀ ਨੇ ਇਨ੍ਹਾਂ ਕਿਰਤੀਆਂ ਦੇ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਨ੍ਹਾਂ ਲਈ ਸਦੀਆਂ ਤੋਂ ਕੁੱਲੀ-ਗੁੱਲੀ-ਜੁੱਲੀ ਦੀ ਜੰਗ ਹੀ ਜਿੱਤ ਨਹੀਂ ਹੋਈ। ਇਸੇ ਹੀ ਕਰਕੇ ਹੁਣ ਸਮਾਜ ਅੰਦਰ ਮਨੁੱਖ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ।

ਉਪਰਲਾ ਵਰਗ ਜਿਹੜਾ ਸੋਨੇ ਦਾ ਚਮਚਾ ਲੈ ਕੇ ਜੰਮਿਆ ਹੈ, ਉਨ੍ਹਾਂ ਕੋਲ ਜ਼ਮੀਨ ਜਾਇਦਾਦ ਤੇ ਮਾਇਆ ਵਧੀ ਜਾ ਰਹੀ ਹੈ। ਉਨ੍ਹਾਂ ਲਈ ਕਿਸੇ ਵੀ ਸਹੂਲਤ ਦੀ ਕੋਈ ਵੀ ਘਾਟ ਨਹੀਂ।

ਵਿਚਕਾਰਲਾ ਵਰਗ ਉਹ ਹੈ, ਜਿਹੜੇ ਆਪਣਿਆਂ ਨਾਲੋਂ ਟੁੱਟ ਗਿਆ ਹੈ, ਉਹ ਉੱਪਰਲਿਆਂ ਦੇ ਨਾਲ ਜੁੜਨ ਲਈ ਕਿਸ਼ਤਾਂ ਦੇ ਚੱਕਰ ਵਿੱਚ ਗੁਆਚ ਗਿਆ ਹੈ। ਇਹਨਾਂ ਦੋਹਾਂ ਵਰਗਾਂ ਦੀ ਗਿਣਤੀ ਵੀ ਬਹੁਤ ਥੋੜੀ ਹੈ।

ਬਹੁਗਿਣਤੀ ਤਾਂ ਥੱਲੜੇ ਵਰਗ ਦੀ ਹੈ, ਜਿਹੜਾ ਨਾ ਜਿਉਂਦਿਆਂ ਵਿੱਚ ਹੈ ਤੇ ਨਾ ਮਰਿਆਂ ਵਿੱਚ ਹੈ, ਉਨ੍ਹਾਂ ਕੋਲੋਂ ਜ਼ਿੰਦਗੀ ਦੀਆਂ ਸਾਰੀਆਂ ਹੀ ਸੰਵਿਧਾਨਿਕ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਹ ਨਾ ਸਿੱਖਿਆ ਹੀ ਹਾਸਲ ਕਰ ਸਕਦੇ ਹਨ ਤੇ ਨਾ ਹੀ ਆਪਣਾ ਇਲਾਜ ਕਰਵਾ ਸਕਦੇ ਹਨ।

ਉਨ੍ਹਾਂ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਹੀ ਨਹੀਂ ਪੂਰੀਆਂ ਹੁੰਦੀਆਂ ਜਿਹੜੇ ਮਿਹਨਤ ਮੁਸ਼ੱਕਤ ਕਰਕੇ ਸਿੱਖਿਆ ਪ੍ਰਾਪਤ ਕਰ ਵੀ ਲੈਂਦੇ ਹਨ, ਉਨ੍ਹਾਂ ਲਈ ਕੋਈ ਰੁਜ਼ਗਾਰ ਨਹੀਂ।

ਉਹ ਬੇਰੁਜ਼ਗਾਰ ਹੋਏ ਸੜਕਾਂ ਉੱਤੇ ਪੁਲਿਸ ਦੀਆਂ ਲਾਠੀਆਂ ਖਾਣ ਜੋਗੇ ਰਹਿ ਗਏ ਹਨ। ਦੂਸਰੇ ਪਾਸੇ ਸਰਕਾਰ ਨੇ ਉਪਰਲੇ ਵਰਗ ਨੂੰ ਐਨੀਆਂ ਸਹੂਲਤਾਂ ਦੇ ਦਿੱਤੀਆਂ ਹਨ, ਸਿੱਖਿਆ ਮਾਫੀਆ, ਹਸਪਤਾਲ ਮਾਫੀਆ, ਧਰਮ ਦਾ ਮਾਫੀਆ, ਸੇਵਾ ਦਾ ਮਾਫੀਆ, ਸਾਹਿਤ ਦਾ ਮਾਫੀਆ, ਤੇ ਹਰ ਤਰ੍ਹਾਂ ਦਾ ਮਾਫੀਆ ਹੀ ਮਾਫੀਆ, ਜਿਹੜਾ ਦੋਵੇਂ ਹੱਥੀਂ ਦਿਨ ਤੇ ਰਾਤ ਲੁੱਟ ਰਿਹਾ ਹੈ।ਜਿਹੜੇ ਲੋਕ ਆਲੀਸ਼ਾਨ ਕੋਠੀਆਂ, ਮਕਾਨਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵੱਲੋਂ ਸਮਾਜ ਵਿੱਚ ਪਾਏ ਗੰਦ ਨੂੰ ਸਾਫ਼ ਕਰਨ ਵਾਲੇ ਉਹ ਹੀ ਲੋਕ ਹਨ, ਜਿਹੜੇ ਕੂੜੇ ਕਰਕਟ ਤੇ ਗੰਦਗੀ ਵਿੱਚੋਂ ਆਪਣਾ ਪੇਟ ਭਰਨ ਲਈ 'ਰੋਟੀ' ਲੱਭਦੇ ਹਨ। ਇਨ੍ਹਾਂ ਕੋਠੀਆਂ ਵਿੱਚ ਜ਼ਿੰਦਗੀ ਨਾਲੋਂ, ਮਸ਼ੀਨਾਂ ਦੀ ਗਿਣਤੀ ਵੱਧ ਗਈ ਹੈ। ਗਲੈਮਰ ਦੀ ਚਕਾਚੌਂਧ ਨੇ ਸਮਾਜਕ ਰਿਸ਼ਤਿਆਂ ਦਾ ਗਲਾ ਘੁੱਟ ਦਿੱਤਾ ਹੈ। ਸਮਾਜ ਅੰਦਰ ਤਨਾਅ ਤਕਰਾਰ ਤੇ ਨਿੱਜੀ ਦੁਸ਼ਮਣੀਆਂ 'ਚ ਨਿਰੰਤਰ ਵਾਧਾ ਹੋ ਰਿਹਾ ਹੈ।

ਨਿੱਤ ਖੂਹ ਪੁੱਟ ਕੇ ਪਾਣੀ ਪੀਣ ਵਾਲੇ, ਜਿਹੜੇ ਛੋਟੇ-ਮੋਟੇ ਅਦਾਰਿਆਂ ਵਿੱਚ ਕੰਮ ਕਰਦੇ ਹਨ, ਉੱਥੇ ਉਨ੍ਹਾਂ ਦਾ ਆਰਥਿਕ, ਸਰੀਰਿਕ ਤੇ ਮਾਨਸਿਕ ਸ਼ੋਸ਼ਣ ਕਰਨਾ ਉਨ੍ਹਾਂ ਅਦਾਰਿਆਂ ਦੇ ਮਾਲਕਾਂ ਦਾ ਹੱਕ ਬਣ ਗਿਆ ਹੈ।

ਜਿਹੜਾ ਵੀ ਕੋਈ ਵਿਅਕਤੀ ਇਨ੍ਹਾਂ ਅਦਾਰਿਆਂ ਅੰਦਰ ਹੁੰਦੀ ਲੁੱਟ ਦਾ ਕਿੱਧਰੇ ਪਰਦਾ ਚਾਕ ਕਰਦਾ ਹੈ। ਉਸਨੂੰ ਖਪਾ ਦੇਂਦੇ ਹਨ। ਕਿਰਤੀ ਵਰਗ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਜੰਗ ਖੁਦ ਲੜਨੀ ਪਵੇਗੀ। ਕਿਉਂਕਿ ਬਿਨਾਂ ਮਰਿਆਂ ਸੁਰਗ ਨਹੀਂ ਦੇਖਿਆ ਜਾ ਸਕਦਾ। ਇਸ ਸਮੇਂ ਕਿਰਤੀ ਵਰਗ ਉਪਰ ਬਹੁਕੌਮੀ ਕੰਪਨੀਆਂ ਦੀਆਂ ਗਿਰਝਾਂ ਮੰਡਲਾ ਰਹੀਆਂ ਹਨ। ਉਹਨਾਂ ਨੇ ਕਿਰਤੀ ਵਰਗ ਦੇ ਹੱਥਾਂ ਵਿਚੋਂ ਜਲ, ਜੰਗਲ ਅਤੇ ਜ਼ਮੀਨ ਖੋਹਣ ਲਈ ਹਰ ਤਰ੍ਹਾਂ ਦਾ ਤਰੀਕਾ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਕਿਰਤੀ ਵਰਗ ਨੂੰ ਸੁਚੇਤ ਤੇ ਲਾਮਬੰਦ ਹੋਣ ਦੀ ਲੋੜ ਹੈ।

# ਸਾਹਿਤ ਸਮਾਜ

## ਜਾਤੀ ਜਨਗਣਨਾ: ਸਮਾਵੇਸ਼ੀ ਨੀਤੀ-ਨਿਰਮਾਣ ਵੱਲ ਇੱਕ ਕਦਮ ਜਾਂ ਇੱਕ ਵਿਵਾਦਪੂਰਨ ਕਦਮ?

ਇੱਕ ਮਹੱਤਵਪੂਰਨ ਵਿਕਾਸ ਵਿੱਚ, ਸਰਕਾਰ ਨੇ ਆਉਣ ਵਾਲੀ ਰਾਸ਼ਟਰੀ ਜਨਗਣਨਾ ਦੇ ਨਾਲ-ਨਾਲ ਜਾਤੀ-ਅਧਾਰਤ ਜਨਗਣਨਾ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ। ਇਹ ਕਦਮ ਭਾਰਤ ਦੇ ਸਮਾਜਿਕ ਤਾਣੇ-ਬਾਣੇ ਨੂੰ ਸਮਝਣ ਵੱਲ ਇੱਕ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸਦਾ ਉਦੇਸ਼ ਦੇਸ਼ ਭਰ ਦੇ ਵੱਖ-ਵੱਖ ਜਾਤੀ ਸਮੂਹਾਂ ਬਾਰੇ ਵਿਸਤ੍ਰਿਤ ਡੇਟਾ ਇਕੱਠਾ ਕਰਨਾ ਹੈ।

**ਜਾਤੀ ਜਨਗਣਨਾ ਦੇ ਪਿੱਛੇ ਤਰਕ**

ਇਤਿਹਾਸਕ ਤੌਰ 'ਤੇ, ਭਾਰਤ ਦੀ ਜਨਗਣਨਾ ਨੇ ਧਰਮ, ਭਾਸ਼ਾ ਅਤੇ ਹੋਰ ਜਨਸੰਖਿਆ ਮਾਪਦੰਡਾਂ 'ਤੇ ਡੇਟਾ ਇਕੱਠਾ ਕੀਤਾ ਹੈ, ਪਰ ਹਾਲ ਹੀ ਦੇ ਦਹਾਕਿਆਂ ਵਿੱਚ ਜਾਤੀ ਡੇਟਾ ਵੱਡੇ ਪੱਧਰ 'ਤੇ ਸੀਮਤ ਜਾਂ ਉਪਲਬਧ ਨਹੀਂ ਰਿਹਾ ਹੈ। ਪ੍ਰਸਤਾਵਿਤ ਜਾਤੀ ਜਨਗਣਨਾ ਵੱਖ-ਵੱਖ ਜਾਤੀ ਸਮੂਹਾਂ ਦੇ ਸਮਾਜਿਕ-ਆਰਥਿਕ ਪ੍ਰੋਫਾਈਲ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਪ੍ਰਦਾਨ ਕਰਕੇ ਇਸ ਪਾੜੇ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ। ਸਮਰਥਕਾਂ ਦਾ ਤਰਕ ਹੈ ਕਿ ਅਜਿਹਾ ਡੇਟਾ ਸਮਾਜਿਕ ਨਿਆਂ, ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੇ ਉੱਨਤੀ ਅਤੇ ਬਰਾਬਰ ਵਿਕਾਸ ਦੇ ਉਦੇਸ਼ ਨਾਲ ਨਿਸ਼ਾਨਾਬੱਧ ਨੀਤੀਆਂ ਤਿਆਰ ਕਰਨ ਲਈ ਬਹੁਤ ਮਹੱਤਵਪੂਰਨ ਹੈ।

**ਰਾਜਨੀਤਿਕ ਅਤੇ ਪ੍ਰਸ਼ਾਸਕੀ ਸੀਮਾਵਾਂ ਲਈ ਪ੍ਰਭਾਵ**

ਜਾਤੀ ਜਨਗਣਨਾ ਕਰਵਾਉਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਚੋਣ ਸੀਮਾਵਾਂ ਅਤੇ ਰਿਜ਼ਰਵੇਸ਼ਨ ਨੀਤੀਆਂ 'ਤੇ ਇਸਦਾ ਸੰਭਾਵੀ ਪ੍ਰਭਾਵ ਹੈ। ਜਾਤੀ ਆਬਾਦੀ ਬਾਰੇ ਸਹੀ ਅੰਕੜੇ ਵੱਖ-ਵੱਖ ਭਾਈਚਾਰਿਆਂ ਲਈ ਨਿਰਪੱਖ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ, ਹਲਕਿਆਂ ਨੂੰ ਵਧੇਰੇ ਸਹੀ ਢੰਗ ਨਾਲ ਦਰਸਾਉਣ ਵਿੱਚ ਮਦਦ ਕਰ ਸਕਦੇ ਹਨ।

ਇਹ ਵਿਧਾਨ ਸਭਾਵਾਂ ਵਿੱਚ ਸੀਟਾਂ ਦੀ ਵੰਡ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਖਾਸ ਕਰਕੇ ਉਨ੍ਹਾਂ ਰਾਜਾਂ ਵਿੱਚ ਜਿੱਥੇ ਜਾਤੀ ਜਨਸੰਖਿਆ ਚੋਣ ਰਾਜਨੀਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**ਰਾਖਵਾਂਕਰਨ ਅਤੇ ਕੋਟਾ: ਇੱਕ ਗਰਮਾ-ਗਰਮ ਬਹਿਸ ਵਾਲਾ ਵਿਸ਼ਾ**

ਜਾਤੀ ਜਨਗਣਨਾ ਤੋਂ ਕੋਟੇ ਵਧਾਉਣ ਅਤੇ ਮੌਜੂਦਾ ਰਾਖਵੇਂਕਰਨ ਦੇ ਅੰਦਰ ਉਪ-ਸ਼੍ਰੇਣੀਆਂ ਦੀ ਸਿਰਜਣਾ ਦੀਆਂ ਮੰਗਾਂ ਨੂੰ ਮਜ਼ਬੂਤ ਕਰਨ ਦੀ ਉਮੀਦ ਹੈ। ਜਿਨ੍ਹਾਂ ਭਾਈਚਾਰਿਆਂ ਨੂੰ ਇਤਿਹਾਸਕ ਤੌਰ 'ਤੇ ਘੱਟ ਪ੍ਰਤੀਨਿਧਤਾ ਜਾਂ ਹਾਸ਼ੀਏ 'ਤੇ ਧੱਕਿਆ ਗਿਆ ਹੈ, ਉਹ ਵਧੇਰੇ ਖਾਸ ਰਾਖਵਾਂਕਰਨ ਲਾਭਾਂ ਦੀ ਮੰਗ ਕਰ ਸਕਦੇ ਹਨ, ਜਿਸ ਨਾਲ ਅਜਿਹੇ ਉਪਾਵਾਂ ਦੀ ਨਿਰਪੱਖਤਾ ਅਤੇ ਸਥਿਰਤਾ 'ਤੇ ਬਹਿਸ ਹੋ ਸਕਦੀ ਹੈ। ਆਲੋਚਕਾਂ ਦਾ ਤਰਕ ਹੈ ਕਿ ਜਾਤੀ-ਅਧਾਰਤ ਰਾਖਵਾਂਕਰਨ ਵੰਡ ਨੂੰ ਕਾਇਮ ਰੱਖ ਸਕਦਾ ਹੈ, ਜਦੋਂ ਕਿ ਸਮਰਥਕ ਸਮਾਜਿਕ ਨਿਆਂ ਪ੍ਰਾਪਤ ਕਰਨ ਵਿੱਚ ਆਪਣੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ।

**ਵਿਵਾਦ ਅਤੇ ਚੁਣੌਤੀਆਂ**

ਇਸ ਕਦਮ ਨੇ ਰਾਜਨੀਤਿਕ, ਸਮਾਜਿਕ ਅਤੇ ਕਾਨੂੰਨੀ ਖੇਤਰਾਂ ਵਿੱਚ ਬਹਿਸਾਂ ਦੀ ਇੱਕ ਲਹਿਰ ਛੇੜ ਦਿੱਤੀ ਹੈ। ਜਾਤੀ ਡੇਟਾ ਦੀ ਸੰਭਾਵੀ ਦੁਰਵਰਤੋਂ, ਸਮਾਜਿਕ ਸਦਭਾਵਨਾ 'ਤੇ ਪ੍ਰਭਾਵ ਅਤੇ ਅਜਿਹੀ ਵਿਸਤ੍ਰਿਤ ਜਨਗਣਨਾ ਕਰਵਾਉਣ ਦੀਆਂ ਪ੍ਰਬੰਧਕੀ ਚੁਣੌਤੀਆਂ ਬਾਰੇ ਚਿੰਤਾਵਾਂ ਉਠਾਈਆਂ ਗਈਆਂ ਹਨ। ਕੁਝ ਰਾਜਾਂ ਨੇ ਡੇਟਾ ਗੋਪਨੀਯਤਾ ਅਤੇ ਜਾਤੀ ਪਛਾਣਾਂ ਦੇ ਰਾਜਨੀਤੀਕਰਨ ਬਾਰੇ ਖਦਸ਼ਿਆਂ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਦਾ ਵਿਰੋਧ ਕੀਤਾ ਹੈ।

**ਡੇਟਾ-ਅਧਾਰਿਤ ਨੀਤੀ-ਨਿਰਮਾਣ ਵੱਲ ਇੱਕ ਕਦਮ**

ਵਿਵਾਦਾਂ ਦੇ ਬਾਵਜੂਦ, ਬਹੁਤ ਸਾਰੇ ਲੋਕ ਜਾਤੀ ਜਨਗਣਨਾ ਨੂੰ ਵਧੇਰੇ ਸਮਾਵੇਸ਼ੀ ਅਤੇ ਡੇਟਾ-ਅਧਾਰਿਤ ਨੀਤੀ-ਨਿਰਮਾਣ ਵੱਲ ਇੱਕ ਜ਼ਰੂਰੀ ਕਦਮ ਵਜੋਂ ਦੇਖਦੇ ਹਨ। ਸਹੀ ਜਾਤੀ ਡੇਟਾ ਸਰੋਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਵੰਡਣ, ਇਤਿਹਾਸਕ ਅਸਮਾਨਤਾਵਾਂ ਨੂੰ ਹੱਲ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਸਕਾਰਾਤਮਕ ਕਾਰਵਾਈਆਂ ਨੂੰ ਨਿਸ਼ਾਨਾ ਬਣਾਇਆ ਜਾਵੇ ਅਤੇ ਬਰਾਬਰੀ ਦਿੱਤੀ ਜਾਵੇ। ਜਾਤੀ ਜਨਗਣਨਾ ਕਰਨ ਦਾ ਫੈਸਲਾ ਸਮਾਜਿਕ ਨਿਆਂ ਨੂੰ ਰਾਸ਼ਟਰੀ ਏਕਤਾ ਨਾਲ ਸੰਤੁਲਿਤ ਕਰਨ ਲਈ ਭਾਰਤ ਦੇ ਚੱਲ ਰਹੇ ਸੰਘਰਸ਼ ਨੂੰ ਦਰਸਾਉਂਦਾ ਹੈ। ਜਦੋਂ ਕਿ ਇਹ ਵਧੇਰੇ ਸੂਖਮ ਅਤੇ ਪ੍ਰਭਾਵਸ਼ਾਲੀ ਨੀਤੀਆਂ ਲਈ ਵਾਅਦਾ ਕਰਦਾ ਹੈ, ਇਹ ਹੋਰ ਵੰਡਾਂ ਨੂੰ ਰੋਕਣ ਲਈ ਸਾਵਧਾਨੀ ਨਾਲ ਸੰਭਾਲਣ ਦੀ ਵੀ ਮੰਗ ਕਰਦਾ ਹੈ। ਜਿਵੇਂ ਕਿ ਭਾਰਤ ਇਸ ਮਹੱਤਵਾਕਾਂਖੀ ਯਤਨ ਲਈ ਤਿਆਰੀ ਕਰ ਰਿਹਾ ਹੈ, ਰਾਸ਼ਟਰ ਦੀਆਂ ਨਜ਼ਰਾਂ ਇਸ ਗੱਲ 'ਤੇ ਹੋਣਗੀਆਂ ਕਿ ਡੇਟਾ ਨੂੰ ਕਿਵੇਂ ਇਕੱਠਾ ਕੀਤਾ ਜਾਂਦਾ ਹੈ, ਵਿਆਖਿਆ ਕੀਤੀ ਜਾਂਦੀ ਹੈ ਅਤੇ ਇੱਕ ਹੋਰ ਬਰਾਬਰੀ ਵਾਲੇ ਭਵਿੱਖ ਨੂੰ ਆਕਾਰ ਦੇਣ ਲਈ ਕਿਵੇਂ ਵਰਤਿਆ ਜਾਂਦਾ ਹੈ।



**ਜਸਵਿੰਦਰ ਪਾਲ ਸ਼ਰਮਾ**
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454


"JAI BHEEM JAI BHARAT"
Happy 134th
Ambedkar
JAYANTI
A Homeage To The
"Father Of The Indian Constitution"
"Justice, equality, and fraternity are the principles that should guide every society."
- Dr B.R. Ambedkar
Programme:-
Talks on life and work of Dr. Ambedkar, songs and poetry recitation.
"We are because he was"
Let us remember
The man who fought for us,
Dr B. R. Ambedkar
On his 134th birthday celebration.
Organised By:-
Sri Guru Ravidass Sabha, Bedford (+44 07715347643)
Bhagwan Valmik Sabha, Bedford (+44 07912502301)
Nirankari Satsang Bhavan, Bedford (+44 07852178561)
Ambedkar Mission Society, Bedford (+44 07721935138)
JOIN US
4th May, 2025
01:30P.M.-05:30P.M
The Centenary Hall, Kempston
104 Bedford Rd, Kempston,
Bedford MK42 8BG

# ਹੌਲੀਆਂ ਚੀਜ਼ਾਂ ਜਿਆਦਾ ਖੜਕਦੀਆਂ...




ਜਿਨ੍ਹਾਂ ਤੋਂ ਸੁਆਹ ਵੀ ਨ੍ਹੀਂ ਉੱਡਦੀ, ਕਾਮਿਆਂ ਤੇ ਪਾਉਂਦੇ ਰੋਹਬ ਪੂਰਾ। ਉਹ ਕਾਮੇਂ ਬਣ ਜਾਂਦੇ ਮਾਹਿਰ, ਜੋ ਕੰਮ ਛੱਡਦੇ ਨਾ ਅਧੂਰਾ।ਵੱਡਿਆਂ ਦਾ,ਸਤਿਕਾਰ ਨ੍ਹੀਂ ਕਰਨਾ, ਨਾ ਉਨ੍ਹਾਂ ਦੀ, ਕੋਈ ਗੱਲ ਮੰਨਣੀ। ਫੁਕਰਿਆਂ ਦੀ ਕਤਾਰ ਵਿੱਚ ਆਉਂਦੇ ਜੋ,ਗਲਤ ਗੱਲ ਉਨ੍ਹਾਂ ਦੀ ਪੈਂਦੀ ਥੰਮਣੀ।ਭੰਨ-ਤੋੜ ਦੀਆਂ ਹਰਕਤਾਂ, ਜਿੰਨੀਆਂ ਮਰਜ਼ੀ ਕਰਾ ਲੋ , ਪੱਲੇ ਇਹਨਾਂ ਦੇ ਕੱਖ ਨ੍ਹੀਂ ਪੈਂਦਾ, ਜਿੰਨਾ ਮਰਜ਼ੀ ਸਮਝਾ ਲੋ। ਚੌਧਰ ਵਾਲੇ ਕੰਮ ਵਿੱਚ,ਪਿੱਠ ਲਾਉਣ ਦੇ ਹੁੰਦੇ ਮਾਹਰ। ਫੂਕ ਚ ਛੇਤੀ ਆਉਂਣ, ਵਿਹਲੜਾਂ ਨੂੰ ਮਿਲਦਾ ਆਹਰ।

ਜਾਤ ਦੀ ਕੋਹੜ੍ਹ-ਕਿਰਲੀ,ਸ਼ਤੀਰਾਂ ਨੂੰ ਜੱਫੇ ਪਾਵੇ, ਕੰਮ ਕੋਈ ਢੰਗ ਦਾ ਨ੍ਹੀਂ ਸਿੱਖਦੇ, ਕੌਣ ਇਨ੍ਹਾਂ ਨੂੰ ਸਮਝਾਵੇ।ਖਹਿੜਾ ਛੁਡਾਵੇ, ਸਮਝਦਾਰ ਇਨ੍ਹਾਂ ਤੋਂ, ਇਹ ਚੱਲਣ ਭੇਡ-ਚਾਲ। ਆਪਣਾ ਆਪ ਇਨ੍ਹਾਂ ਤੋਂ ਸਾਂਭਿਆ ਨ੍ਹੀਂ ਜਾਂਦਾ, ਦੂਸਰੇ ਦੀ ਕੀ ਕਰਨਗੇ ਦੇਖਭਾਲ। ਮੁਫਤ ਦਾ ਖਜ਼ਾਨਾ ਕਿਤੋਂ ਮਿਲ ਜਾਵੇ, ਉਸ ਨੂੰ ਖੂਬ ਉੜਾਉਂਦੇ, ਰੱਬ ਨੇ ਸਭ ਨੂੰ ਗੁਣੀ ਬਣਾਇਆ, ਬੇਸਬਰਿਆਂ ਵਾਂਗੂੰ ਖੌਰੂ ਪਾਉਂਦੇ।ਜਿਹੜੇ ਹੁੰਦੇ ਥੋਥੇ ਚਨੇ, ਉਹਨਾਂ ਦੀ ਜ਼ੁਬਾਨ ਬਹੁਤ ਚੱਲਦੀ,ਮੂੰਹ ਫਾੜ ਕਹਿ ਦਿੰਦੇ, ਅਸੀਂ ਨ੍ਹੀਂ ਵਸਾਉਣਾ,ਤੇਰੀ ਤਾਂ ਰਾਸ਼ੀ, ਸਾਡੇ ਨਾਲ ਨਾ ਰਲਦੀ।

ਬੁੜ੍ਹੀਆਂ, ਛੱਜ ਵਿੱਚ ਪਾ ਕੇ, ਛੰਡਦੀਆਂ, ਹਲਕੇ ਮਾਜੂ ਦਾਣੇ ਦੂਰ ਭੱਜਦੇ। ਹਲਕੇ ਬੰਦੇ, ਕਰਦੇ ਘਟੀਆ ਗੱਲਾਂ, ਆਪਣੇ ਅੰਦਰ, ਝਾਤੀ ਨ੍ਹੀਂ ਮਾਰਦੇ, ਦੂਜਿਆਂ ਦਾ ਕਸੂਰ ਕੱਢਦੇ। ਪਾਕਿ-ਸਤਾਨ ਦੇਵੇ ਗਿੱਦੜ-ਭੱਬਕੀਆਂ, ਲਾਹੌਰੋਂ ਬਿਪਤਾ ਚੋਂ ਨਿਕਲਦੇ, ਲੁਕਦੇ-ਲੁਕਾਉਂਦੇ ਫਿਰਨ ਕਸੂਰ ਲੱਭਦੇ। ਧਮਕੀਆਂ ਦਿੰਦੇ ਭਾਰਤੀਆਂ ਨੂੰ ਸ਼ਰੇਆਮ ਘੁੰਮਦੇ। ਕਸ਼ਮੀਰੀ ਮੁੰਡਿਆਂ ਨੂੰ ਗੁਮਰਾਹ ਕਰਕੇ ਬਰਬਾਦੀ ਵੱਲ ਧੱਕ ਕੇ ਆਪ ਗੁੰਮਦੇ।ਭਾਂਡੇ-ਮਾਂਜਣ,ਝਾੜੂ-ਪੋਚਾ,ਖਾਣਾ-ਬਣਾਉਣ, ਕੱਪੜੇ-ਧੋਣ ਲਈ, ਰੱਖੇ ਸਭ ਤਰ੍ਹਾਂ ਦੇ ਨੌਕਰ, ਟਹਿਲਦੀ-ਫਿਰਦੀ ਸਭ ਤੇ ਹੁਕਮ ਚਲਾਵੇ, ਥੋਥਾ ਚਨਾ ਬਾਜੇ ਘਣਾ ਆਪਣੀ ਟੌਹਰ ਦਿਖਾਵੇ। ਕਾਸ਼ ! ਰੱਬ ਸਿੱਧੇ ਰਸਤੇ ਪਾਵੇ।



**ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**









# AMBEDKAR INTERNATIONAL MISSION, LONDON

*Pays Homage To*

## THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

**Sir Stephen Timms MP, Minister of State at the Department for Work and Pensions will be in attendance from 2 pm until 2:30 pm**

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

### Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

### Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਮੁਸ਼ੱਕਤ

ਖ਼ੇਤ ਇਮਾਰਤ ਯਾ
ਫੈਕਟਰੀ ਦੀ ਉਸਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਸਖ਼ਤ ਮਿਹਨਤਾਂ
ਕਰ ਖਿੱਚੀ ਤਿਆਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਇੱਕ ਕਿਸਾਨ ਹੀ
ਮਿਹਨਤ ਨਹੀਂ ਕਰਦਾ
ਬੱਲੀਆ ਮਜ਼ਦੂਰ ਵੀ
ਹੁੰਦੀ ਭਾਗੀਦਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਮੰਨਿਆ ਬਾਣੀਏ ਨੇ
ਦਿਮਾਗ ਲੜਾਉਂਦੇ
ਮਿਹਨਤੀ ਕਿਰਤੀ
ਰੰਗ ਲਿਆਉਂਦੇ
ਗੱਲ ਵੀ ਜਾਂਦੀ
ਹੈ ਵੀਚਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ

ਸਮਾਜ ਵੀਕਲੀ ਨਿਊਜ਼



.... ਬੱਲੀ ਈਲਵਾਲ









Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**